ਬੋਲੈ ਸ਼ੇਖ ਫਰੀਦ



ਪ੍ਰੋ. ਪਿਆਰਾ ਸਿੰਘ ਪਦਮ

ਬੋਲੈ - ਸ਼ੇਖ ਫਰੀਦ - ਪ੍ਰੋ. ਪਿਆਰਾ ਸਿੰਘ ਪਦਮ
ਕਲਮ ਮੰਦਿਰ ਲੋਯਰਮਾਲ, ਪਟਿਆਲਾ
(ਸਮੂੰਹ ਪੰਜਾਬੀ ਕਲਾਮ ਅਤੇ ਸਰਬੰਗੀ ਅਧਿਐਨ)

ਇਸੇ ਕਲਮ ਤੋਂ..................

ਗੁਰੂ ਘਰ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਦਸਮ ਗ੍ਰੰਥ ਦਰਸ਼ਨ, ਦਰਬਾਰੀ ਰਤਨ, ਸੰਖੇਪ ਸਿੱਖ ਇਤਿਹਾਸ, ਸਿੱਖ ਸੰਪ੍ਰਦਾਵਲੀ, ਸਿੱਖ ਗ੍ਰੰਥਾਵਲੀ, ਰਹਿਤਨਾਮੇ, ਤੇਗ ਬਹਾਦਰ ਸਿਮਰੀਐ, ਕਲਾਮ ਭਾ. ਨੰਦ ਲਾਲ, ਜ਼ਫ਼ਰਨਾਮਾ, ਗੁਰੂ ਕੀਆਂ ਸਾਖੀਆਂ, ਪ੍ਰਾਚੀਨ ਸੌ ਸਾਖੀ, ਚਾਰ ਸਾਹਿਬਜ਼ਾਦੇ, ਸਾਡੇ ਗੁਰਦੇਵ, ਪੰਜ ਦਰਿਆ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਬਾਰਾਂਮਾਹੇ, ਪੰਜਾਬੀ ਵਾਰਾਂ, ਪੰਜਾਬੀ ਮਾਝਾਂ ਤੇ ਆਸਾਵਰੀਆਂ, ਪੰਜਾਬੀ ਜੰਵਾਂ, ਪੰਜਾਬੀ ਝਗੜੇ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਸੂਫੀ ਕਾਵਿਧਾਰਾ, ਹਾਸ਼ਮ ਰਚਨਾਵਲੀ, ਖਲੀਲ ਜਿਬ੍ਰਾਨ ਦੇ ਬਚਨ ਬਿਲਾਸ, ਮਿਰਜ਼ੇ ਦੀਆਂ ਸੱਦਾਂ, ਪੁਸ਼ਪਾਂਜਲੀ, ਪ੍ਰਾਚੀਨ ਪੰਜਾਬੀ ਗੱਦ, ਕਲਮ ਦੇ ਧਨੀ, ਗੁਰੂ ਗ੍ਰੰਥ ਮਹਿਮਾ ਕੋਸ਼, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਮਹਾਤਮਾ ਸੰਤਰੇਣ, ਬੋਲੈ ਸ਼ੇਖ ਫਰੀਦ, ਮਹਾਂਕਵੀ ਸੰਤੋਖ ਸਿੰਘ, ਹਿੰਦੁਸਤਾਨੀ ਕਲਾ, ਹਿੰ. ਕਵੀ, ਹਿੰਦੁਸਤਾਨੀ ਕਵਿਤਾ। ਟੈਗੋਰ ਤ੍ਰਿਬੈਣੀ, ਪਟਿਆਲੇ ਦਾ ਮੋਤੀ ਬਾਗ।

ਪਹਿਲੀ ਛਾਪ 1978

2001 ਈ. ਦੂਜੀ ਛਾਪ 40.00

ਬੋਲੈ ਸ਼ੇਖ ਫਰੀਦ

'ਅੱਵਲਿ ਸ਼ੇਖ ਫਰੀਦ ਸ਼ੱਕਰਗੰਜ, ਆਰਿਫ ਅਹਲਿ ਵਲਾਯਤ,
ਹਿਕ ਹਿਕ ਸੁਖ਼ਨ ਜ਼ਬਾਨ ਉਹਦੀ ਦਾ, ਰਹਿਬਰ ਰਾਹਿ ਹਦਾਯਤ।'

(ਸੈਫੁਲਮਲੂਕ, ਮੁਹੰਮਦ ਬਖਸ਼)

ਬਾਬਾ ਫਰੀਦ ਯਾਦਗਾਰੀ ਸੁਸਾਇਟੀ ਪਟਿਆਲਾ
ਦੇ
ਬਾਨੀ ਜਨਰਲ ਸਕੱਤਰ, ਮਾਨਯੋਗ
ਪ੍ਰੋ. ਗੁਰਚਰਨ ਸਿੰਘ ਜੀ ਦੀ ਯਾਦ ਨੂੰ
ਸਮਰਪਨ
ਜਿਨ੍ਹਾਂ ਬਾਬੇ ਫਰੀਦ ਦਾ ਕਲਾਮ ਤੇ ਪੈਗ਼ਾਮ
ਦੇਸ਼ ਭਰ ਵਿਚ ਦੂਰ ਦੂਰ ਪਰਚਾਰਿਆ।

ਤਤਕਰਾ

ਦੋ ਸ਼ਬਦ

ਬਾਬਾ ਸ਼ੇਖ ਫਰੀਦ ਤੇਰ੍ਹਵੀਂ ਸਦੀ ਦੇ ਮਹਾਨ ਸੂਫੀ ਦਰਵੇਸ਼ ਸ਼ਾਇਰ ਹਨ ਜਿਨ੍ਹਾਂ ਦੀ ਕੁਝ ਬਾਣੀ ਗੁਰੂ ਨਾਨਕ ਸਾਹਿਬ ਨੇ ਸੰਭਾਲਣ ਦੀ ਕ੍ਰਿਪਾ ਕੀਤੀ ਤੇ ਉਹ ਆਦਿ ਗੁਰੂ ਗ੍ਰੰਥ ਵਿਚ ਦਰਜ ਹੋਈ। ਪਰੰਤੂ ਆਪ ਦੀ ਕਾਫੀ ਰਚਨਾ ਵਿਕੋਲਿਤ੍ਰੀਆਂ ਪੁਰਾਤਨ ਹੱਥ-ਲਿਖਤਾਂ ਵਿਚ ਵੀ ਪ੍ਰਾਪਤ ਹੈ ਜਿਨ੍ਹਾਂ ਵਲ ਪਾਠਕਾਂ ਦਾ ਧਿਆਨ ਘਟ ਗਿਆ। ਸੰਭਵ ਹੈ, ਇਹ ਸਾਰੀ ਦੀ ਸਾਰੀ ਪੂਰਨ ਸ਼ੁੱਧ ਤੇ ਪ੍ਰਮਾਣੀਕ ਨ ਹੋਵੇ ਪਰ ਫਿਰ ਵੀ ਇਹ ਫਰੀਦ ਜੀ ਦੇ ਨਾਂ ਤੇ ਮਿਲਦੀ ਪੁਰਾਤਨ ਰਚਨਾ ਸਾਹਿਤਕਾਰਾਂ ਦੇ ਧਿਆਨ ਯੋਗ ਹੈ।

ਲਹਿੰਦੀ ਪੰਜਾਬੀ ਦੀ ਸਾਹਿਤਕ ਪਰੰਪਰਾ ਪੁਰਾਣੀ ਹੈ। ਕਿਸੇ ਜ਼ਮਾਨੇ ਸ਼ਹਿਰ ਮੁਲਤਾਨ ਰਾਜ-ਸੱਤਾ ਦਾ ਕੇਂਦਰ ਸੀ। ਇਥੇ ਅੱਦਹਮਾਣ ਵਰਗੇ ਕਵੀ ਹੋਏ, ਜਿਨ੍ਹਾਂ 'ਸੰਨੇਹ ਰਾਸਇ' ਲਿਖਕੇ ਕਲਾ ਦੀ ਧਾਂਕ ਜਮਾਈ। ਫਿਰ ਬਾਹਰਲੇ ਹਮਲਿਆਂ ਕਾਰਣ ਰਾਜਸੀ ਗੜਬੜ ਚਲਦੀ ਗਈ, ਲੋਕਾਂ ਦੀ ਤੇ ਸਾਹਿਤ ਦੀ ਤਬਾਹੀ ਹੋਈ। ਇਸ ਪਾਸੇ ਅਨੇਕਾਂ ਸੂਫੀ ਤੇ ਕਿੱਸਾਕਾਰ ਕਵੀ ਹੋਏ। ਬਹੁਤੇ ਸਮੇਂ ਦੀ ਧੂੜ ਹੇਠ ਦਬ ਗਏ ਤੇ ਕੁਝ ਨਾਂ ਰਹਿ ਗਏ ਜਿਵੇਂ ਕਿ ਦਮੋਦਰ. ਲੁਤਫ-ਅਲੀ, ਨੌਰੋਜ਼, ਨੂਰਉਦੀਨ, ਅਲੀ ਹੈਦਰ, ਸੁਲਤਾਨ ਬਾਹੂ, ਅਬਦੁਲ ਹਕੀਮ, ਚੂਹੜ, ਗ੍ਰਾਲ, ਬਰਖੁਰਦਾਰ, ਵਫ਼ਾ, ਗੁਦਾਜ਼, ਗਾਮਨ, ਗੁਲਾਮ ਫਰੀਦ ਚਾਚੜਾਂ ਆਦਿ। ਅਸੀਂ ਇਸ ਖਜ਼ਾਨੇ ਤੋਂ ਕੁਝ ਹਦ ਤਕ ਵੰਚਿਤ ਹਾਂ ਜਦੋਂ ਕਿ ਇਹ ਪੰਜਾਬੀ ਦਾ ਹੀ ਅਮੀਰ ਵਿਰਸਾ ਹੈ। ਲਹਿੰਦੀ ਤਿੰਨ ਕਰੋੜ ਲੋਕਾਂ ਦੀ ਜ਼ਬਾਨ ਹੈ ਤੇ ਛੇ ਹਜ਼ਾਰ ਮੁਰੱਬਾ ਮੀਲ ਇਲਾਕੇ ਵਿਚ ਬੋਲੀ ਜਾਂਦੀ ਹੈ। ਮਿ. ਵਿਲਸਨ, ਜਿਊਕਸ, ਈ. ਓਬ੍ਰਾਇਨ,

ਗ੍ਰਿਅਰਸਨ, ਡਾ. ਬਹਿਲ ਤੇ ਡਾ. ਹਰਦੇਵ ਬਾਹਰੀ ਆਦਿ ਨੇ ਇਸ ਬਾਰੇ ਚੋਖਾ ਕੰਮ ਵੀ ਕੀਤਾ ਹੈ। ਲੋੜ ਹੈ ਕਿ ਅਸੀਂ ਲਹਿੰਦੀ ਦੀ ਸ਼ਬਦਾਵਲੀ ਤੇ ਸਾਹਿਤ ਦੀ ਯੋਗ ਸੰਭਾਲ ਕਰਕੇ ਪੰਜਾਬੀ ਨੂੰ ਭਰਪੂਰ ਬਣਾਈਏ। ਇਸੇ ਦ੍ਰਿਸ਼ਟੀ ਨੂੰ ਮੁੱਖ ਰਖਕੇ ਸ਼ੇਖ ਫਰੀਦ ਜੀ ਦੀ ਮਿਲਦੀ ਸਮੂੰਹ ਰਚਨਾਵਲੀ ਤੇ ਸੰਬੰਧਿਤ ਸਾਖੀਆਂ ਇਕ ਥਾਂ ਸੰਚਿਤ ਕਰਕੇ ਦੇ ਰਹੇ ਹਾਂ ਤਾਂ ਕਿ ਉਨ੍ਹਾਂ ਦੀ ਉੱਚ ਰੂਹਾਨੀ ਸ਼ਖਸੀਅਤ ਦੀ ਪਰਮਾਰਥਕ ਪ੍ਰਭੁਤਾ ਦਾ ਜਮਾਲ ਤੇ ਕਲਾਤਮਕ ਪ੍ਰਤਿਭਾ ਦਾ ਕਮਾਲ ਭਲੀਭਾਂਤ ਉਜਾਗਰ ਹੋ ਸਕੇ ਤੇ ਸਮੂੰਹ ਪੰਜਾਬੀ ਇਸ ਤੋਂ ਪ੍ਰੇਰਨਾ ਪ੍ਰਾਪਤ ਕਰਦੇ ਰਹਿਣ। *(1978)*

ਦੂਜੀ ਛਾਪ :- ਜਿਥੋਂ ਤਕ ਦਰਵੇਸ਼ੀ ਸੰਦੇਸ਼ ਦਾ ਸਬੰਧ ਹੈ ਉਹ ਅਜ ਵੀ ਸਾਰਥਿਕ ਹੈ। ਮੌਜੂਦਾ ਮਨੁੱਖੀ ਪੀੜ੍ਹੀ ਮਾਰੂ ਮਸ਼ੀਨੀ ਮਹਿਖਾਸੁਰ ਦੀ ਮਾਰ ਹੇਠ ਆਈ ਕਿਸੇ ਤਰ੍ਹਾਂ ਵੀ ਮਹਿਫੂਜ਼ ਨਹੀਂ ਦਿਸਦੀ ਕਿਉਂਕਿ ਵਰਤਮਾਨ ਉੱਨਤ ਸੰਸਾਰ, ਹਥਿਆਰਾਂ ਦੇ ਕਾਰੋਬਾਰ ਤੇ ਫੈਸ਼ਨਦਾਰ ਵਸਤਾਂ ਦੇ ਵਪਾਰ ਨੂੰ ਹੀ ਜੀਵਨ ਦਾ ਆਧਾਰ ਬਣਾ ਬੈਠਾ ਹੈ। ਪੁਰਾਣੇ ਭਲੇ ਲੋਕ ਸਮੂੰਹ ਵਿਸ਼ਵ ਨੂੰ 'ਪਰਿਵਾਰ' ਮੰਨਕੇ ਚਲਦੇ ਸਨ ਪਰ ਅਜੋਕੀ ਸੋਚ, ਸਾਰੇ ਵਿਸ਼ਵ ਨੂੰ 'ਬਾਜ਼ਾਰ' ਕਹਿਕੇ ਵਰਤੋਂ ਵਿਹਾਰ ਕਰਦੀ ਹੈ। ਹੁਣ ਇਸ ਅੰਧਕਾਰ ਤੇ ਹਾਹਾਕਾਰ ਵਿਚ ਜੀਵਨ ਦੀ ਸੇਵਾ ਸੰਭਾਲ ਜਾਂ ਪਰੋਪਕਾਰ ਦੀ ਕੀ ਥਾਂ ਰਹਿ ਗਈ ਹੈ। ਮਗਰ ਮਹਾਨ ਦਰਵੇਸ਼ ਸਮਝਾਉਂਦਾ ਹੈ :– ਕਿ ਬੁਰਾਈ ਦਾ ਟਾਕਰਾ ਭਲਾਈ ਨਾਲ ਕਰਕੇ ਹੀ ਇਸ ਮੁਸ਼ਕਲ ਵਿਚੋਂ ਆਪਣਾ ਆਪ ਬਚਾਇਆ ਤੇ ਕੁਝ ਪੱਲੇ ਪਾਇਆ ਜਾ ਸਕਦਾ ਹੈ।

ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹੰਢਾਇ
ਦੇਹੀ-ਰੋਗ ਨ ਲਗਈ ਪਲੈ ਸਭ ਕਿਛੁ ਪਾਇ।

ਜਨਵਰੀ 2001 ਈ. *ਪਿਆਰਾ ਸਿੰਘ ਪਦਮ*

ਬਾਬਾ ਫਰੀਦ ਦਾ ਆਰ-ਪਰਿਵਾਰ
ਚਿਸ਼ਤੀ ਸਿਲਸਿਲਾ

ਖੁਆਜਾ ਮੁਇਨੁੱਦੀਨ ਹਸਨ ਸਿਜਜ਼ੀ (1236 ਈ. ਦੇਹਾਂਤ)
ਖੁਆਜਾ ਕੁਤਬੁਦੀਨ ਬਖ਼ਤਯਾਰ ਕਾਕੀ (1233 ਈ.)
ਸ਼ੇਖ ਫਰੀਦੁੱਦੀਨ ਸ਼ੱਕਰਗੰਜ (1265 ਈ.)
ਸ਼ੇਖ ਨਿਜ਼ਾਮੁੱਦੀਨ ਔਲੀਆ (1325 ਈ.)
ਸ਼ੇਖ ਨਸੀਰੁੱਦੀਨ ਚਰਾਗ਼ਿ ਦਿਹਲੀ (1356 ਈ.)

ਫਰੀਦ ਜੀ ਦਾ ਪਿੱਛਾ ਖਲੀਫਾ ਉਮਰ ਫਾਰੂਕ ਨਾਲ ਵੀ ਜੋੜਿਆ ਜਾਂਦਾ ਹੈ। ਡੇਰਾ ਵਧੇਰੇ ਪਾਕਪਟਨ ਰਿਹਾ।

ਪਰਿਵਾਰ

ਪਿਤਾ - ਸ਼ੇਖ ਜਮਾਲੁਦੀਨ ਸੁਲੇਮਾਨ
ਮਾਤਾ - ਬੀਬੀ ਕਰਸੁਮ
ਸਮਾਂ - 1175 ਈ. ਜਨਮ, 1265 ਈ. ਦੇਹਾਂਤ।
ਸ਼ੇਖ ਫਰੀਦ ਦੀਆਂ ਸੁਪਤਨੀਆਂ - ਹਜ਼ਬਰਾ, ਸ਼ਾਰਦਾ ਤੇ ਸ਼ਕੂਰਾ।
ਪੁੱਤ੍ਰ - ਸ਼ਿਹਾਬੁੱਦੀਨ, ਬਦਰੁੱਦੀਨ, ਨਿਜ਼ਾਮੁੱਦੀਨ, ਨਸੀਰੁੱਦੀਨ ਤੇ ਯਾਕੂਬ।
ਪੁੱਤ੍ਰੀਆਂ - ਬੀਬੀ ਫਾਤਮਾ, ਮਸਤੂਰਾ ਤੇ ਸ਼ਰੀਫਾਂ।

- ਜਮਾਤਖਾਨੇ ਦੇ ਸੇਵਕ -

1. ਮੌਲਵੀ ਬਦਰੁੱਦੀਨ ਅਸਹਾਕ 2. ਸੱਯਦ ਮਹਿਮੂਦ ਕਿਰਮਾਨੀ। 3. ਨਿਜ਼ਾਮੁਦੀਨ ਬਦਾਯੂਨੀ 4. ਮੌਲਾਨਾ ਜਮਾਲ ਹਾਂਸਵੀ 5. ਮੌਲਾਨਾ ਹਮੀਦ ਅਤੇ 6. ਮੌਲਾਨਾ ਨਾਸਰ

-ਪ੍ਰਸਤਾਵਨਾ-

ਸ਼ੇਖ ਫਰੀਦੁੱਦੀਨ ਸ਼ੱਕਰਗੰਜ - ਜੀਵਨ ਤੇ ਰਚਨਾ

ਪੰਜਾਬੀ ਜੀਵਨ ਵਿਚ ਤਿੰਨ ਬਜ਼ੁਰਗ ਬਾਬਿਆਂ - ਬਾਬਾ ਗੋਰਖ, ਬਾਬਾ ਫ਼ਰੀਦ ਤੇ ਬਾਬਾ ਨਾਨਕ - ਦੀ ਪ੍ਰਤਿਸ਼ਠਾ ਉਸੇ ਤਰ੍ਹਾਂ ਹੈ ਜਿਵੇਂ ਹਿੰਦੂਮਤ ਵਿਚ ਤਿੰਨ ਦੇਵਤਿਆਂ ਦੀ ਪੂਜਾ। ਇਹ ਤ੍ਰਿਮੂਰਤੀ ਬਿਨਾਂ ਕਿਸੇ ਮਜ਼ਬੀ ਭਿੰਨ ਭੇਦ ਦੇ ਹਰਮਨ ਪਿਆਰੀ ਤੇ ਭਾਰਤ-ਭਰ ਵਿਚ ਸਤਿਕਾਰੀ ਜਾਂਦੀ ਰਹੀ ਹੈ। ਭਗਤੀ ਲਹਿਰ ਦੇ ਸੰਤਾਂ ਤੋਂ ਪਹਿਲਾਂ ਜਿਵੇਂ ਬਾਬਾ ਗੋਰਖ ਨੇ ਆਪਣੇ ਤਪ ਤਿਆਗ ਨਾਲ ਮੁਰਦਾ ਹਿੰਦੂ ਧਰਮ ਵਿਚ ਜਾਨ ਪਾ ਕੇ ਜੀਵਨ ਦਾ ਉੱਚਾ ਮੱਯਾਰ ਸਥਾਪਤ ਕਰ ਦਿੱਤਾ ਸੀ, ਤਿਵੇਂ ਜਬਰ ਜ਼ੁਲਮ ਤੇ ਅਨਿਆਇ ਨਾਲ ਬਦਨਾਮ ਇਸਲਾਮ ਨੂੰ ਮੁੜ ਸਬਰ, ਸੰਤੋਖ, ਮਿੱਠਤ ਤੇ ਸਹਿਨਸ਼ੀਲਤਾ ਨਾਲ ਸ਼ਿੰਗਾਰ ਕੇ ਸੁੱਚੇ ਰੂਪ ਵਿਚ ਪੇਸ਼ ਕਰਨਾ ਬਾਬਾ ਫਰੀਦ ਜੇਹੇ ਦਰਵੇਸ਼ਾਂ ਦਾ ਕੰਮ ਸੀ। ਉਹ ਕੇਵਲ ਆਪ ਹੀ ਉੱਚੇ ਸੁੱਚੇ ਮਹਾਂਪੁਰਸ਼ ਨਹੀਂ ਸਨ, ਸਗੋਂ ਉਹਨਾਂ ਦੇ ਮੁਰਸ਼ਦ ਤੇ ਮੁਰੀਦ ਵੀ ਬੜੀ ਪ੍ਰਭੁਤਾ ਵਾਲੇ ਹੋਏ। ਖੁਆਜਾ ਮੁਇਨੁੱਦੀਨ ਚਿਸ਼ਤੀ ਦੇ ਚੇਲੇ ਖੁਆਜਾ ਕੁਤਬੁੱਦੀਨ ਬਖ਼ਤਿਆਰ ਕਾਕੀ ਆਪ ਦੇ ਮੁਰਸ਼ਦ ਸਨ ਅਤੇ ਇਸੇ ਤਰ੍ਹਾਂ ਬਾਬਾ ਫਰੀਦ ਦੇ ਚੇਲੇ ਸ਼ੇਖ ਨਿਜ਼ਾਮੁੱਦੀਨ ਔਲੀਆ ਹਿੰਦ-ਭਰ ਵਿਚ ਪ੍ਰਸਿੱਧ ਹੋਏ। ਇਸ ਤੋਂ ਬਿਨਾਂ ਸ਼ੇਖ ਜਮਾਲੁੱਦੀਨ ਹਾਂਸਵੀ, ਸ਼ੇਖ ਜ਼ਕਰੀਆ ਸਿੰਧੀ, ਸ਼ੇਖ

ਬਦਰੁੱਦੀਨ ਇਸਹਾਕ, ਸ਼ੇਖ ਨਜੀਬ ਮਤਵੱਲੀ ਤੇ ਸ਼ੇਖ ਅਲੀ ਸਾਬਰ ਆਦਿ ਕਿਤਨੇ ਹੀ ਨਾਂਮੀ ਫਕੀਰ ਆਪ ਦੀ ਬਰਕਤ ਤੋਂ ਵਰੋਸਾਏ ਹੋਏ ਸਨ। ਸੂਫ਼ੀਆਂ ਦੇ ਚਿਸ਼ਤੀ ਫਿਰਕੇ ਵਿਚ ਆਪ ਦਾ ਮਰਾਤਬਾ ਬਹੁਤ ਉੱਚਾ ਹੈ। ਇਹ ਵਾਕ ਬਜ਼ੁਰਗ ਮੁਈਨੁੱਦੀਨ ਚਿਸ਼ਤੀ ਨੇ ਕਿਹਾ ਸੀ, ਫ਼ਰੀਦ ਉਹ ਬਾਜ਼ ਹੈ ਜੋ ਸਿਵਾਇ ਬਹਿਸ਼ਤੀ ਸ਼ਾਖ ਦੇ ਕਿਤੇ ਆਪਣਾ ਆਲ੍ਹਣਾ ਨਹੀਂ ਬਣਾਏਗਾ ਤੇ ਇਹ ਦੀਵਾ, ਦਰਵੇਸ਼ੀ ਜਮਾਤ ਨੂੰ ਸਦਾ ਚਮਕਾਵੇਗਾ। ਅਰਬੀ ਵਿਚ ਫ਼ਰੀਦ ਦਾ ਅਰਥ ਹੈ ਲਾਸਾਨੀ। ਸਚਮੁਚ ਫ਼ਰੀਦ ਦੀ ਲਾਸਾਨੀ ਸ਼ਖਸੀਅਤ ਨੇ ਪੰਜਾਬ ਤੇ ਹਿੰਦ ਭਰ ਵਿਚ ਹੀ ਨਹੀਂ ਬਲਕਿ ਰਹੱਸਵਾਦੀ ਸੰਤ ਮੰਡਲ ਵਿਚ ਵੀ ਉੱਚੀ ਪਦਵੀ ਪਾਈ। ਅਜੇਹੇ ਗੌਰਵਮਈ ਵਿਅਕਤੀ ਦੀ ਬਾਣੀ ਜਾਂ ਕਲਾਮ ਦੇ ਗੌਰਵ ਨੂੰ ਕਿਵੇਂ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ। ਜੇ ਇਤਿਹਾਸਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਪੰਜਾਬੀ ਸਾਹਿਤ ਵਿਚ ਤਾਂ ਬਾਬਾ ਫ਼ਰੀਦ ਦੀ ਥਾਂ ਬਾਬਾ ਆਦਮ ਵਾਲੀ ਮੰਨੀ ਜਾਂਦੀ ਹੈ ਭਾਵੇਂ ਉਸ ਤੋਂ ਪਹਿਲਾਂ ਵੀ ਕਈ ਕਵੀ, ਕਾਵਿ-ਰਚਨਾ ਦੀ ਦਾਗ਼ਬੇਲ ਪਾ ਚੁਕੇ ਸਨ।

ਜੀਵਨ :

ਸ਼ੇਖ ਫ਼ਰੀਦੁੱਦੀਨ ਮਾਸਊਦ ਸ਼ੱਕਰ ਗੰਜ ਦਾ ਜਨਮ ਪਿੰਡ ਕੋਠੀਵਾਲ (ਹੁਣ ਚਾਉਲੀ ਮੁਸ਼ਾਇਖਾਂ) ਜ਼ਿਲ੍ਹਾ ਮੁਲਤਾਨ ਵਿਚ ਸ਼ੇਖ ਜਮਾਲੁੱਦੀਨ ਦੇ ਘਰ ਬੀਬੀ ਕੁਰਸੁਮ ਦੇ ਉਦਰ ਤੋਂ 571 ਹਿ. (1175 ਈ:) ਵਿਚ ਹੋਇਆ। *ਸਿਯੁੱਰਲ ਔਲੀਆ ਦੇ ਕਰਤਾ ਨੇ ਜਨਮ ਸਾਲ 567 ਹਿ. ਅਰਥਾਤ 1173 ਈ. ਦਿਤਾ ਹੈ। ਮੁੱਢਲੀ ਵਿਦਿਆ ਪਾ ਕੇ

* The Life and Times of Shaikh Fariduddin (K.A. Nizami)

18 ਵਰ੍ਹੇ ਦੀ ਉਮਰ ਵਿਚ ਆਪ ਮੁਲਤਾਨ ਚਲੇ ਗਏ, ਫਿਰ ਪੰਜ ਸਾਲ ਕੰਧਾਰ ਤਾਲੀਮ ਪਾਈ। ਖ਼ੁਆਜਾ ਕੁਤਬੁਦੀਨ ਬਖ਼ਤਿਆਰ ਕਾਕੀ ਨੂੰ ਮੁਲਤਾਨ ਮੁਰਸ਼ਦ ਧਾਰ ਕੇ ਤਪੱਸਿਆ ਅਰੰਭੀ। ਜਦ ਉਹ ਦਿੱਲੀ ਚਲੇ ਗਏ ਤਾਂ ਆਪ ਕਈ ਵਾਰ ਦਿੱਲੀ ਜਾਂਦੇ ਤੇ ਉਹਨਾਂ ਪਾਸ ਮਹੀਨਿਆਂ-ਬੱਧੀ ਠਹਿਰਦੇ। ਅਖੀਰ ਰੱਬੀ ਬੰਦਗੀ ਦੀ ਲਗਨ ਇਤਨੀ ਲਗੀ ਕਿ ਸਭ ਕੁੱਝ ਛੱਡ ਕੇ ਹਾਂਸੀ ਰਹਿਣ ਲਗ ਪਏ। ਲਗਭਗ 15-20 ਸਾਲ ਉਥੇ ਰਹੇ। ਫਰੀਦ ਜੀ ਦੀ ਸੁਯੋਗਤਾ ਤੇ ਤਪਤਿਆਗ ਨੂੰ ਦੇਖ ਕੇ ਖ਼ੁਆਜਾ ਸਾਹਿਬ ਕਾਕੀ (ਦੇਹਾਂਤ 1235 ਈ.) ਨੇ ਆਪਣੀ ਥਾਂ ਆਪ ਨੂੰ ਚਿਸ਼ਤੀ ਸਿਲਸਿਲੇ ਦਾ ਆਗੂ ਨੀਅਤ ਕਰ ਦਿੱਤਾ। ਜਦ ਆਪ ਦੀ ਮਾਨਤਾ ਵਧਣ ਲਗੀ ਤਾਂ ਹਾਂਸੀ ਛੱਡ ਕੇ ਫਿਰ ਆਪਣੇ ਪਿੰਡ ਕੋਠੀ-ਵਾਲ ਆ ਗਏ ਤੇ ਇਥੋਂ ਫਿਰ ਅਜੋਧਨ ਆ ਕੇ ਰਹਿਣ ਲਗੇ। ਇਸ ਦਾ ਹੁਣ ਨਾਮ ਪਾਕਪਟਨ ਹੈ ਤੇ ਜੋ ਜ਼ਿਲਾ ਮਿੰਟਗੁਮਰੀ (ਪਾਕਿਸਤਾਨ) ਵਿਚ ਹੈ।

ਆਪ ਦੀ ਵਿਆਪਕ ਪ੍ਰਭੁਤਾ ਵੇਖ ਕੇ ਅਜੋਧਨ ਦਾ ਕ਼ਾਜ਼ੀ ਤੇ ਕੁਝ ਹੋਰ ਪੀਰ ਫ਼ਕੀਰ ਈਰਖਾਲੂ ਹੋ ਗਏ। ਕਾਜ਼ੀ ਨੇ ਤਾਂ ਮੁਲਤਾਨ ਦੇ ਮੁਲਾਣਿਆਂ ਪਾਸ ਜਾ ਸ਼ਿਕਾਇਤ ਕੀਤੀ ਕਿ ਇਕ ਪੜ੍ਹਿਆ-ਲਿਖਿਆ ਫ਼ਕੀਰ, ਮਸੀਤ ਵਿਚ ਰਹਿੰਦਾ ਤੇ ਨਾਚ ਗਾਣੇ ਸੁਣਦਾ ਹੈ, ਕੀ ਇਹ ਜਾਇਜ਼ ਹੈ ? ਜਦੋਂ ਉਹਨਾਂ ਨੂੰ ਪਤਾ ਲਗਾ ਕਿ ਈਰਖਾ-ਮਾਰਿਆ ਕਾਜ਼ੀ ਸ਼ੇਖ ਫ਼ਰੀਦ ਜੇਹੇ ਉਚੇ ਫਕੀਰ ਵਿਰੁਧ ਫਤਵਾ ਲੈਣਾ ਚਾਹੁੰਦਾ ਹੈ ਤਾਂ ਉਹਨਾਂ ਉਸ ਨੂੰ ਝਾੜ ਕੇ ਮੋੜ ਦਿੱਤਾ। ਇਸ ਕਾਜ਼ੀ ਨੇ ਇਕ ਤੁਰਕ ਭੇਜ ਕੇ ਆਪ ਨੂੰ ਮਾਰਨ ਦੀ ਸਾਜਸ਼ ਵੀ ਕੀਤੀ ਜੋ ਸਿਰੇ ਨਾ ਚੜ੍ਹੀ, ਇਸ ਦਾ ਜ਼ਿਕਰ ਸ਼ੇਖ

ਨਿਜ਼ਾਮੁਦੀਨ ਔਲੀਆ ਨੇ ਖ਼ੁਦ ਕੀਤਾ ਹੈ।

ਬਲਬਨ ਦਾ ਭਤੀਜਾ ਸ਼ੇਖ ਖ਼ਾਂ ਮੁਲਤਾਨ ਦਾ ਸੂਬੇਦਾਰ ਸੀ। ਉਹ ਸੰਤਾਂ ਫਕੀਰਾਂ ਲਈ ਸ਼ਰਧਾ ਭਾਵ ਨਹੀਂ ਸੀ ਰਖਦਾ ਤੇ ਬਾਬਾ ਫ਼ਰੀਦ ਅਜੇਹੀਆਂ ਗੱਲਾਂ ਦਾ ਗਿਲਾ ਨਾ ਕਰਦੇ ਹੋਏ ਆਖਿਆ ਕਰਦੇ ਸਨ ਕਿ ਅਫਸੋਸ : ਤੈਨੂੰ ਮੇਰੀ ਅਵਸਥਾ ਦੀ ਖਬਰ ਨਹੀਂ ਤੇ ਜਦੋਂ ਪਤਾ ਵੀ ਲਗ ਗਿਆ ਤਾਂ ਫਿਰ ਅਫਸੋਸ ਕਰਨ ਦਾ ਵੀ ਕੀ ਫਾਇਦਾ ਹੋਵੇਗਾ :-

"ਅਫਸੋਸ ਕਿ ਅਜ਼ ਹਾਲਿ ਮਨ ਤੁਰਾ ਨੇਸਤ ਖ਼ਬਰ
ਆਂ ਕਿ ਖਬਰ ਤੁਰਾ ਸ਼ਵੱਦ ਚਿ ਅਫ਼ਸੋਸ ਖੋਰੀ ?"

ਬਾਬਾ ਫ਼ਰੀਦ ਦਾ ਰਹਿਣ-ਸਹਿਣ ਬੜਾ ਹੀ ਸਬਰ ਸੰਤੋਖ ਤੇ ਗਰੀਬੀ ਵਾਲਾ ਸੀ। ਉਹ ਮਸਾਂ ਗੁਜ਼ਾਰਾ ਕਰਦੇ ਸਨ। ਕੱਚਾ ਕੋਠਾ, ਜੁਆਰ ਦੀ ਰੋਟੀ, ਉਬਲੇ ਡੇਲੇ ਤੇ ਸਾਧਾਰਣ ਕੰਬਲੀ ਉਹਨਾਂ ਦੀ ਦੌਲਤ ਸੀ। ਜੋ ਖਾਨਕਾਹ ਦਾ ਚੜ੍ਹਾਵਾ ਆਉਂਦਾ ਸੀ, ਉਹ ਉਸ ਦੀ ਘਰੇਲੂ ਖਰਚਾਂ ਲਈ ਬਿਲਕੁਲ ਵਰਤੋਂ ਨਹੀਂ ਸੀ ਕਰਦੇ। 'ਆਰਫੁਲ-ਮੁਆਰਿਫ਼' ਕ੍ਰਿਤ ਸ਼ੇਖ ਸ਼ਿਹਾਬੁੱਦੀਨ ਸੁਹਰਾਵਰਦੀ ਵਿਚ ਜੋ ਕਿ ਸੂਫੀਆਂ ਵਿਚ ਇਕ ਪ੍ਰਮਾਣੀਕ ਪੁਸਤਕ ਮੰਨੀ ਗਈ ਹੈ, ਫਕੀਰ ਲਈ ਦਸ ਗੁਣੇ ਦੱਸੇ ਹਨ - ਤੋਬਾ, ਵਰਾ, (ਪ੍ਰਹੇਜ਼) ਜ਼ੁਹਦ, ਫ਼ਕਰ, ਸਬਰ, ਸ਼ੁਕਰ, ਖਰੀਫ਼ (ਭੈ), ਰਜਾ (ਆਸ), ਤਵੱਕਲ ਤੇ ਰਿਜਾ (ਆਤਮ-ਸਮਰਪਣ)। ਫ਼ਰੀਦ ਇਹਨਾਂ ਗੁਣਾਂ ਵਿਚ ਸੰਪੂਰਨ ਸਨ। ਰੋਜ਼ੇ ਰਖਣੇ, ਚਲੀਹੇ ਕੱਟਣੇ ਤੇ ਤਪ ਤਾਪਣੇ ਉਨ੍ਹਾਂ ਦਾ ਹਮੇਸ਼ਾਂ ਦਾ ਕਰਮ ਬਣ ਗਿਆ ਸੀ ਪਰੰਤੂ ਬਾਵਜੂਦ ਅਜੇਹੇ ਤਪਤਿਆਗ ਦੇ, ਸ਼ਰਾ-ਸ਼ਰੀਅਤ ਵਾਲੇ ਕਾਜ਼ੀ ਮੌਲਾਣੇ ਅਤੇ ਇਹਨਾਂ ਕਾਜ਼ੀਆਂ ਦੇ ਭੜਕਾਏ ਹੋਏ ਵੇਲੇ ਦੇ ਹਾਕਮ ਆਪ ਨੂੰ ਤੰਗ ਕਰਨ ਲਈ ਘੱਟ ਨਹੀਂ ਸੀ ਗੁਜ਼ਾਰਦੇ

ਪਰ ਫ਼ਰੀਦ ਖਿੜੇ ਮੱਥੇ ਸ਼ਾਂਤੀ ਤੇ ਖਿਮਾ ਨਾਲ ਇਹ ਸਭ ਕੁਝ ਸਹਾਰਦੇ, ਰੱਬੀ ਰਜ਼ਾ ਵਿਚ ਅਡੋਲ ਰਹਿੰਦੇ ਸਨ। ਇਹ ਬਚਨ ਉਹਨਾਂ ਦੇ ਸੱਚੇ ਜੀਵਨ ਤਜਰਬਿਆਂ ਦਾ ਪ੍ਰਕਾਸ਼ ਹਨ :-

'ਰੁਖੀ ਸੁਖੀ ਖਾਇ ਕੈ, ਠੰਠਾ ਪਾਣੀ ਪੀਉ
ਫ਼ਰੀਦਾ ਦੇਖਿ ਪਰਾਈ ਚੋਪੜੀ, ਨ ਤਰਸਾਏ ਜੀਉ।'
'ਫ਼ਰੀਦਾ ਜੋ ਤੈ ਮਾਰਨਿ ਮੁਕੀਆ ਤਿੰਨਾ ਨ ਮਾਰੇ ਘੁੰਮਿ।
ਆਪਨੜੈ ਘਰਿ ਜਾਈਐ, ਪੈਰ ਤਿੰਨਾ ਦੇ ਚੁੰਮਿ।'

ਜਿਸ ਦਰਵੇਸ਼ ਦੀ ਇਤਨੀ ਮਾਨਤਾ ਹੋਵੇ, ਫਿਰ ਉਸਦਾ ਅਜੇਹੀ ਗ਼ੁਰਬਤ ਤੇ ਆਰਥਿਕ ਸੰਕਟ ਵਿਚ ਗੁਜ਼ਾਰਾ ਕਰਨਾ ਜਚਦਾ ਨਹੀਂ। ਬਾਬਾ ਫ਼ਰੀਦ ਨੂੰ ਕਈ ਬਾਦਸ਼ਾਹ ਤੇ ਅਮੀਰਾਂ ਵਜ਼ੀਰਾਂ ਵਲੋਂ ਜਗੀਰਾਂ ਦੀ ਪੇਸ਼ਕਸ਼ ਵੀ ਹੋਈ ਪਰ ਉਹਨਾਂ ਇਨਕਾਰ ਕਰ ਦਿਤਾ। ਬਾਦਸ਼ਾਹਾਂ ਨਾਲ ਮਿਲਵਰਤਨ ਉਹਨਾਂ ਨੂੰ ਉੱਕਾ ਪਸੰਦ ਨਹੀਂ ਸੀ। ਫ਼ਾਰਸੀ ਵਿਚ ਆਪ ਦਾ ਸ਼ੇਅਰ ਹੈ, 'ਜੇ ਤੂੰ ਫਕੀਰ ਹੈਂ ਤਾਂ ਬਾਦਸ਼ਾਹਾਂ ਤੋਂ ਦੂਰ ਹੀ ਰਹੁ ਤਾਂਕਿ ਕੋਈ ਦੂਰ ਤੋਂ ਆ ਕੇ ਇਹ ਨਾ ਕਹੇ ਪਰੇ ਹਟ ਜਾ। ਜੇ ਤੈਨੂੰ ਬਾਦਸ਼ਾਹ ਨਾਲ ਮੇਲ ਮੁਲਾਕਾਤ ਦੀ ਇੱਛਾ ਹੀ ਹੈ ਤਾਂ ਤੂੰ 'ਆਤਮ-ਮਿਲਾਪ' ਤੋਂ ਵਾਂਞਿਆਂ ਹੀ ਰਹੇਂਗਾ :-

'ਤੂੰ ਗਦਾਈ ਦੂਰ ਬਾਸ਼ ਅਜ਼ ਬਾਦਸ਼ਾਹ
ਤਾ ਨਿਆਇਦ ਬਰ ਦਰਿ ਤੂੰ ਦੂਰ ਬਾਸ਼
ਗਰ ਵਸਾਲਿ ਸ਼ਾਹ ਮੇ ਦਾਰੀ ਤਮਅ
ਅਜ਼ ਵਸਾਲਿ ਖ਼ੇਸ਼ ਤਨ ਮਹਜੂਰ ਬਾਸ਼।'

ਅਰਬੀ ਵਿਚ ਵੀ ਉਹਨਾਂ ਦਾ ਇਕ ਕੌਲ ਹੈ ਕਿ ਅਸੀਂ ਰੱਬ ਦੀ ਕੀਤੀ ਵੰਡ ਤੇ ਸੰਤੁਸ਼ਟ ਹਾਂ, ਜਿਸ ਅਸਾਨੂੰ ਇਲਮ

ਗਿਆਨ ਤੇ ਮੂਰਖਾਂ ਨੂੰ ਮਾਲ ਦੌਲਤ ਦਿੱਤੀ ਹੈ।'

'ਰਜ਼ੇ ਨਾ ਕਿਸਮਤੁੱਲ ਜੱਬਾਰ ਫੀਨਾ
ਲਨਾਇਲਮੋਲਿੱਲੁ ਜੱਹਾਲ ਮਾਲ।*

ਇਹਨਾਂ ਬਚਨਾਂ ਤੇ ਉਹਨਾਂ ਦੀ ਗਰੀਬੀ ਦੀ ਅਵਸਥਾ ਦੀ ਮੌਜੂਦਗੀ ਵਿਚ ਇਹ ਖਿਆਲ ਭੁਲੇਖਾ ਹੀ ਹੈ ਕਿ ਫ਼ਰੀਦ ਸਮਕਾਲੀ ਬਾਦਸ਼ਾਹਾਂ ਦੇ ਕਿਸੇ ਤਰ੍ਹਾਂ ਹਾਮੀ ਭਰਦੇ ਸਨ ਜਾਂ ਆਪ ਬੜੇ ਅਮੀਰ ਹਨ। ਇਕ ਵਾਰ ਸੁਲਤਾਨ ਨਾਸਰੁਦੀਨ ਮਹਿਮੂਦ ਨੇ ਆਪਣੇ ਵਜ਼ੀਰ ਅਲਗ਼ ਖ਼ਾਂ ਦੇ ਹੱਥ ਜਾਗੀਰ ਤੇ ਕੁਝ ਨਕਦ ਰਕਮ ਭੇਜੀ। ਨਕਦੀ ਤਾਂ ਆਪਨੇ ਲੈ ਕੇ ਉਸੇ ਸਮੇਂ ਦਰਵੇਸ਼ਾਂ ਵਿਚ ਵੰਡ ਦਿੱਤੀ ਤੇ ਜਾਗੀਰ ਦਾ ਪਰਵਾਨਾ ਵਾਪਸ ਮੋੜ ਕੇ ਕਿਹਾ, 'ਸੁਲਤਾਨ ਸਾਨੂੰ ਇਹ ਦੇ ਕੇ ਸਾਡੇ ਤੇ ਅਹਿਸਾਨ ਕਰਦਾ ਜਾਪਦਾ ਹੈ ਜਦੋਂ ਕਿ ਸਾਡਾ ਅੰਨ-ਦਾਤਾ ਰੱਬ ਸਾਨੂੰ ਬਿਨਾਂ ਕੋਈ ਅਹਿਸਾਨ ਲਏ, ਰਿਜ਼ਕ ਦੇਈ ਹੀ ਜਾਂਦਾ ਹੈ :-

'ਸ਼ਾਹ ਮਾ ਰਾ ਦੇਹ ਦਿਹਦ ਮਿੰਨਤ ਨਿਹਦ।
ਰਾਜ਼ਕੇ ਮਾ ਰਿਜ਼ਕ ਬੇਮਿੰਨਤ ਦਿਹਦ।'

ਇਵੇਂ ਜਿਵੇਂ, ਇਕ ਸਮੇਂ ਗਰੀਬ ਬੰਦਾ ਆਇਆ, ਉਸ ਨੇ ਕਿਹਾ ਮੈਨੂੰ ਇਕ ਸਿਫਾਰਸ਼ੀ ਰੁੱਕਾ ਬਾਦਸ਼ਾਹ ਬਲਬਨ ਵਲ ਲਿਖ ਦਿਓ। ਤਾਂ ਆਪ ਦਇਆ ਦੇ ਘਰ ਆਏ ਤੇ ਬਾਦਸ਼ਾਹ ਨੂੰ ਲਿਖਿਆ 'ਜੇ ਤੂੰ ਇਸ ਲੋੜਵੰਦ ਨੂੰ ਕੁਝ ਦੇ ਸਕੇਂ ਤਾਂ ਇਹ ਸਮਝੀਂ ਕਿ ਅਸਲ ਦੇਣ ਵਾਲਾ ਰੱਬ ਹੈ ਤੇ ਜੇ ਨ ਦੇ ਸਕੇਂ ਤਾਂ ਇਹੋ ਖਿਆਲ ਕੀਤਾ ਜਾਵੇਗਾ ਕਿ ਅਸੀਂ ਕੁਝ ਵੀ ਕਰਨ ਜੋਗੇ ਨਹੀਂ।'

---

* ਸਿਯਕੁਲ ਔਲੀਆ, (ਅਮੀਰ ਖ਼ੁਰਦ)

ਆਪ ਵਡ-ਪਰਿਵਾਰੇ ਗ੍ਰਿਸਤੀ ਪੁਰਸ਼ ਸਨ। ਆਪ ਦੀਆਂ ਤੋਂ ਤਿੰਨ ਸ਼ਾਦੀਆਂ ਦੇ ਅੱਠ ਬੱਚੇ-ਪੰਜ ਲੜਕੇ ਤੇ ਤਿੰਨ ਲੜਕੀਆਂ ਸਨ। ਅਲੀ ਅਸਗ਼ਰ ਚਿਸ਼ਤੀ ਨੇ 'ਜਵਾਹਰਿ ਫਰੀਦੀ' ਵਿਚ ਆਪ ਦਾ ਇਕ ਵਿਆਹ ਬਲਬਨ ਦੀ ਧੀ ਨਾਲ ਬੜੀ ਸਜ ਧਜ ਨਾਲ ਹੋਇਆ ਦੱਸਿਆ ਹੈ। ਪਰ ਕੋਈ ਸਮਕਾਲੀ ਲਿਖਤ ਇਸ ਦੀ ਪੁਸ਼ਟੀ ਨਹੀਂ ਕਰਦੀ। *ਇਹ ਜ਼ਰੂਰ ਹੈ ਕਿ ਜਦ ਬਲਬਨ ਦਿਲੀ ਦੇ ਤਖ਼ਤ ਉਤੇ ਬੈਠਣ ਲਗਾ ਤਾਂ ਉਹ ਬਰਕਤ ਲੈਣ ਲਈ ਬਾਬਾ ਫਰੀਦ ਜੀ ਦੀ ਹਜ਼ੂਰੀ ਵਿਚ ਆਇਆ ਸੀ। ਫਰੀਦ ਦੇ ਲੜਕੇ ਖੇਤੀਬਾੜੀ ਕਰਕੇ ਗੁਜ਼ਾਰਾ ਕਰਦੇ ਤੇ ਇਕ ਖ਼ੁਆਜਾ ਨਿਜ਼ਾਮੁਦੀਨ ਸਰਕਾਰੀ ਫੌਜ ਵਿਚ ਨੌਕਰ ਵੀ ਹੋ ਗਿਆ ਸੀ। ਕੁਝ ਪੁੱਤਰਾਂ ਨੂੰ ਖਿਆਲ ਸੀ ਕਿ ਚਿਸ਼ਤੀ ਫਿਰਕੇ ਦੀ ਗੱਦੀ ਸਾਨੂੰ ਮਿਲ ਜਾਵੇਗੀ ਪਰ ਬਾਬਾ ਫ਼ਰੀਦ ਨੇ ਅੰਤ ਸਮੇਂ ਆਪਣਾ ਮੁਸੱਲਾ ਤੇ ਤਸਬੀ ਸੱਯਦ ਮੁਹੰਮਦ ਕਿਰਮਾਨੀ ਦੇ ਹੱਥ ਸ਼ੇਖ ਨਿਜ਼ਾਮੁਦੀਨ ਔਲੀਆ ਪਾਸ ਭੇਜ ਦਿੱਤਾ। ਆਖਿਰ ਪੰਜ ਮੁਹੱਰਮ 664 ਹਿਜਰੀ (15 ਅਕਤੂਬਰ 1265 ਈ.) ਨੂੰ ਪਾਕਪਟਨ ਵਿਖੇ ਆਪ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ।

ਜੀਵਨ-ਕਾਲ

ਸ਼ੇਖ ਫ਼ਰੀਦ ਦਾ ਜੀਵਨ-ਕਾਲ ਗੁਲਾਮ ਖਾਨਦਾਨ ਦਾ ਰਾਜ-ਕਾਲ ਹੈ। ਲਾਹੌਰ ਵਿਚ ਗਜ਼ਨਵੀਂ ਹਕੂਮਤ ਟੁੱਟਣ ਬਾਦ ਤੇ ਦਿੱਲੀ ਵਿਚ ਰਾਜਪੂਤਾਂ ਦੀ ਹਾਰ ਕਾਰਣ ਪਹਿਲੀ ਵਾਰ ਮੁਸਲਮਾਨਾਂ ਦਾ ਦਿੱਲੀ ਉਤੇ ਕਬਜ਼ਾ ਹੁੰਦਾ ਹੈ। ਇਹ ਲੋਕ ਨਸਲੀ ਤੌਰ ਤੇ ਤੁਰਕ ਸਨ ਜੋ ਹਿੰਦੀ ਮੁਸਲਮਾਨਾਂ ਨੂੰ

---

* ਖ਼ਲੀਕ ਅਹਿਮਦ ਨਿਜ਼ਾਮੀ, ਪੰਨਾ 103

ਵੀ ਨੱਕ ਹੇਠ ਨਹੀਂ ਸੀ ਲਿਆਉਂਦੇ। ਆਮ ਹਿੰਦੂਆਂ ਦਾ ਤਾਂ ਕੀ ਲਿਹਾਜ਼ ਕਰਨਾ ਸੀ। ਇਸ ਖਾਨਦਾਨ ਦੇ ਦੋ ਤਕੜੇ ਬਾਦਸ਼ਾਹ ਹੋਏ, ਇਲਤਮਸ਼ (1211-35 ਈ.) ਤੇ ਬਲਬਨ (1265-86 ਈ.)। ਇਲਤਮਸ਼ ਨੇ 33 ਮੁਲਾਜ਼ਮਾਂ ਨੂੰ ਨੌਕਰੀ ਤੋਂ ਇਸ ਲਈ ਜਵਾਬ ਦੇ ਦਿੱਤਾ ਸੀ ਕਿ ਉਹ ਛੋਟੀਆਂ ਜਾਤਾਂ ਵਿਚੋਂ ਸਨ। ਸੁਲਤਾਨ ਰੁਕਨਦੀਨ ਦੇ ਅੰਗ-ਰੱਖਕ ਨੇ ਕਈ ਉੱਘੇ ਮੁਸਲਮਾਨਾਂ ਨੂੰ ਹਿੰਦੁਸਤਾਨੀ ਹੋਣ ਕਾਰਨ ਮੌਤ ਦੇ ਘਾਟ ਉਤਾਰ ਦਿੱਤਾ ਸੀ। ਦਰਅਸਲ ਇਹਨਾਂ ਲੋਕਾਂ ਨੂੰ ਤੁਰਕ ਨਸਲ ਦਾ ਬਹੁਤਾ ਹੀ ਅਭਿਮਾਨ ਸੀ। 'ਤ੍ਰਾਰੀਖਿ ਫਿਰੋਜ਼ ਸਾਹੀ' ਦੀ ਲਿਖਤ ਅਨੁਸਾਰ ਬਲਬਨ ਕਹਿੰਦਾ ਹੁੰਦਾ ਸੀ 'ਮੈਂ ਅਫਰਾਸੱਯਾਬ ਦਾ ਉਤਰਾਧਿਕਾਰੀ ਹਾਂ, ਮੈਂ ਕਿਸੇ ਛੋਟੀ ਜਾਤ ਦੇ ਆਦਮੀ ਨੂੰ ਉੱਚੀ ਪਦਵੀ ਤੇ ਦੇਖ ਕੇ ਰਾਜ਼ੀ ਨਹੀਂ। ਜੇ ਮੈਂ ਕਿਤੇ ਦੇਖ ਲਵਾਂ, ਮੇਰਾ ਤਾਂ ਆਪਣੇ ਆਪ ਖ਼ੂਨ ਖੌਲਣ ਲਗ ਪੈਂਦਾ ਹੈ।'

ਇਤਿਹਾਸ ਦੇ ਪਾਠਕ ਇਹ ਵੀ ਜਾਣਦੇ ਹਨ ਕਿ ਇਸ ਸਮੇਂ ਚੰਗੇਜ਼ (ਦੇਹਾਂਤ 1227 ਈ.) ਤੇ ਹਲਾਕੂ (ਦੇਹਾਂਤ 1265 ਈ.) ਦੀ ਕਮਾਨ ਮੰਗੋਲਾਂ ਨੇ ਦੁਨੀਆਂ ਭਰ ਵਿਚ ਹੁਲੜ ਮਚਾਇਆ ਤੇ ਲਗਭਗ 80 ਲੱਖ ਮੁਸਲਿਮ ਤੇ ਗੈਰ ਮੁਸਲਿਮ ਨੂੰ ਕਤਲ ਕੀਤਾ। 1221 ਵਿਚ ਉਹਨਾਂ ਸਿੰਧ ਮੁਲਤਾਨ ਕਬਜ਼ੇ ਕੀਤੇ ਤੇ 1241 ਵਿਚ ਲਾਹੌਰ। 1258 ਵਿਚ ਇਹਨਾਂ ਬਗਦਾਦ ਜਾ ਕੇ ਅੱਬਾਸੀ ਖਲੀਫੇ ਨੂੰ ਕਤਲ ਕੀਤਾ, ਇਸ ਨਾਲ ਮੁਸਲਮ ਸੰਸਾਰ ਵਿਚ ਹਾਹਾਕਾਰ ਮਚ ਗਈ। ਇਹ ਸਾਰੀ ਖ਼ੂਨੀ ਤਸਵੀਰ ਦਸਦੀ ਹੈ ਕਿ ਮਨੁੱਖੀ ਜੀਵਨ ਦੀ ਕੀ ਕਦਰ ਸੀ। ਇਸੇ ਨਫਰਤ ਤੇ ਖ਼ੂਨ ਖਰਾਬੇ ਦੇ ਬਦਨੁਮਾ ਧੱਬੇ ਮੇਟਣ ਲਈ ਰਹੱਸਵਾਦੀ ਸੰਤ ਬਾਰ ਬਾਰ

ਇਹ ਸੰਦੇਸ਼ ਦੇ ਰਹੇ ਸਨ :-

'ਹਿਕ ਫਿਕਾ ਨ ਗਾਲਾਇ, ਸਭਨਾ ਮੈਂ ਸਚਾ ਧਣੀ
ਹਿਆਉ ਨ ਕੈਂਹੀ ਠਾਹਿ, ਮਾਣਕ ਸਭ ਅਮੋਲਵੇ।'

ਜਾਂ

'ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨ ਨ ਹੰਢਾਇ
ਦੇਹੀ ਰੋਗ ਨ ਲਗਈ, ਪਲੈ ਸਭ ਕਿਛੁ ਪਾਇ।'

'ਫਵਾਇਦੁਲ ਫੁਆਇਦ' (1309 ਈ.) ਦਾ ਕਰਤਾ ਅਮੀਰ ਹਸਨ ਲਿਖਦਾ ਹੈ ਕਿ ਇਕ ਵਾਰ ਕਿਸੇ, ਫ਼ਰੀਦ ਨੂੰ ਕੈਂਚੀ ਲਿਆ ਕੇ ਦਿਤੀ ਤਾਂ ਆਪ ਨੇ ਮੁਸਕਰਾ ਕੇ ਕਿਹਾ, 'ਮੈਨੂੰ ਸੂਈ ਲਿਆ ਕੇ ਦਿਓ, ਮੈਂ ਤਾਂ ਜੋੜਨ ਲਈ ਆਇਆ ਹਾਂ।' ਉਹਨਾਂ ਇਕ ਥਾਂ ਹੋਰ ਵੀ ਕਿਹਾ ਹੈ, 'ਸ਼ਰ੍ਹਾ ਦੇ ਇਲਮ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਹੋਰ ਲੋਕਾਂ ਨੂੰ ਪਰੇਸ਼ਾਨ ਕਰੋ, ਇਸ ਦਾ ਅਸਲ ਮਕਸਦ ਤਾਂ ਇਹ ਹੈ ਕਿ ਇਸ ਅਨੁਸਾਰ ਆਪ ਅਮਲ ਕਰੋ।'

ਦੰਭੀ ਫਕੀਰਾਂ ਬਾਰੇ ਵੀ ਉਹਨਾਂ ਦਾ ਬਚਨ ਕਿਤਨੀ ਤਾੜਨਾ ਹੈ :-

'ਕੰਨਿ ਮੁਸਲਾ ਸੂਫ ਗਲਿ, ਦਿਲ ਕਾਤੀ ਗੁੜ ਵਾਤਿ
ਬਾਹਰਹੁ ਦਿਸੈ ਚਾਨਣਾ, ਦਿਲ ਅੰਧਿਆਰੀ ਰਾਤਿ।'

ਅਸਾਂ ਦੇਖਿਆ ਹੈ ਕਿ ਬਾਬੇ ਦੀ ਪਿਆਰ ਤੇ ਹਮਦਰਦੀ ਨਾਲ ਡੁਲ੍ਹ ਡੁਲ੍ਹ ਪੈਂਦੀ ਪਵਿਤਰ ਸ਼ਖਸੀਅਤ ਸੀ। ਇਸੇ ਕਰਕੇ ਉਹਨਾਂ ਦਾ ਨਾਮ 'ਸ਼ੱਕਰ-ਗੰਜ' ਪ੍ਰਸਿਧ ਹੋਇਆ। ਫ਼ਕੀਰੀ ਤੇ ਕਵਿਤਾ ਨਿਖੇੜੀਆਂ ਜਾਣ ਵਾਲੀਆਂ ਨਹੀਂ। ਇਕ ਉਚਾ ਦਰਵੇਸ਼ ਜਦ ਚੁਪ ਸਮਾਧੀ ਵਿਚ ਗੜੂੰਦ ਹੁੰਦਾ ਹੈ ਤਾਂ ਉਹ ਅੰਦਰ ਰੂਹਾਨੀ ਨਾਦ ਸੁਣਦਾ ਤੇ ਜਦ

ਗੁਣਗੁਣਾਂਦਾ ਹੈ ਤਾਂ ਉਸ ਦੇ ਪਿਆਰੇ-ਬਚਨ ਕਵਿਤਾ ਹੋ ਨਿਬੜਦੇ ਹਨ। ਫਾਰਸੀ ਤਜ਼ਕਰੇ ਲਿਖਣ ਵਾਲਿਆਂ ਬਾਬਾ ਫ਼ਰੀਦ ਜੀ ਨੂੰ ਅਰਬੀ, ਫਾਰਸੀ ਤੇ ਮੁਲਤਾਨੀ ਦਾ ਕਵੀ ਦਸਿਆ ਹੈ ਤੇ ਹਵਾਲੇ ਵਜੋਂ ਉਹਨਾਂ ਦੇ ਕਈ ਸ਼ੇਅਰ ਦਿੱਤੇ ਹਨ।* ਪਰੰਤੂ ਅਰਬੀ, ਫਾਰਸੀ ਦਾ ਕੋਈ ਕਾਵਿ-ਸੰਗ੍ਰਹਿ ਉਹਨਾਂ ਦਾ ਪ੍ਰਾਪਤ ਨਹੀਂ। ਦਸਿਆ ਜਾਂਦਾ ਹੈ ਕਿ 'ਫਵਾਇਦੁਲ ਸਾਲਕੀਨ' ਨਾਂ ਹੇਠ ਉਹਨਾਂ ਖ਼ੁਆਜਾ ਬਖਤਿਆਰ ਕਾਕੀ ਦੇ ਬਚਨ ਸੰਗ੍ਰਹਿ ਕੀਤੇ ਸਨ। ਦੋ ਬਚਨ-ਸੰਗ੍ਰਹਿ ਰਾਹਤੁਲ-ਕਲੂਬ (ਸ਼ੇਖ ਨਿਜ਼ਾਮੁਦੀਨ ਔਲੀਆ) ਤੇ 'ਅਸਰਾਰੁਲ ਔਲੀਆ' (ਸ਼ੇਖ ਬਦਰੁਦੀਨ ਅਸਹਾਕ) ਆਪਦੇ ਵੀ ਮਿਲਦੇ ਹਨ ਜੋ ਉਹਨਾਂ ਦੇ ਮੁਖੀ ਚੇਲਿਆਂ ਇਕੱਤਰ ਕੀਤੇ। ਇਸ ਤੋਂ ਬਿਨਾਂ ਆਪ ਦੀ ਪੰਜਾਬੀ ਰਚਨਾ ਜੋ ਸਾਡੇ ਤਕ ਪਹੁੰਚੀ ਹੈ' ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 112 ਸਲੋਕ ਤੇ 4 ਸ਼ਬਦ ਹਨ। ਕਾਫੀ ਸਲੋਕ ਆਪ ਦੇ ਹੋਰ ਹੱਥ-ਲਿਖਤਾਂ ਵਿਚ ਵੀ ਮਿਲਦੇ ਹਨ। ਦਰਅਸਲ ਫਰੀਦ-ਬਾਣੀ ਪੰਜਾਬੀ ਵਿਚ ਆਪਣੀ ਮਿਸਾਲ ਆਪ ਹੈ ਜੋ ਫ਼ਕੀਰੀ ਰੰਗ ਵਿਚ ਰੰਗੀ ਹੋਈ ਹੈ।

ਇਸ ਤੋਂ ਪਹਿਲਾਂ 'ਸਿੱਧ-ਬਾਣੀ' ਦੀ ਸੰਭਾਵਨਾ ਹੈ ਜੋ ਪੂਰੀ ਪੂਰੀ ਮਿਲਦੀ ਨਹੀਂ ਜਾ ਫਿਰ ਮਹਾਂਕਵੀ ਮਾਸਊਦ ਬਿਨ ਸਾਅਦ (ਦੇਹਾਂਤ 1130 ਈ.) ਵਰਣਨ ਯੋਗ ਨਾਂ ਹੈ, ਜਿਸ ਨੇ ਅਮੀਰ ਖੁਸਰੋ ਦੇ ਕਥਨ ਅਨੁਸਾਰ ਅਰਬੀ, ਫ਼ਾਰਸੀ ਤੇ

---

* A heart over-flowing with feelings of love and devotion could hardly resist its expression in verses. Baba Farid composed verses in Arabic, Persian and in some local dialects. (K.A. Nizami, P. 84)

ਹਿੰਦਵੀ ਤਿੰਨ ਦੀਵਾਨ ਲਿਖੇ ਸਨ। * ਇਹ ਹਿੰਦਵੀ ਦੀਵਾਨ, ਪੰਜਾਬੀ ਦਾ ਹੀ ਸੀ ਪਰ ਹੁਣ ਪ੍ਰਾਪਤ ਨਹੀਂ। ਸੋ ਸਭ ਤੋਂ ਪੁਰਾਣੀ ਪ੍ਰਾਪਤ ਰਚਨਾ ਬਾਬਾ ਫ਼ਰੀਦ ਜੀ ਦੀ ਬਾਣੀ ਹੈ। ਕੁਝ ਵਿਦਵਾਨ ਇਹਨਾਂ ਨੂੰ ਫ਼ਰੀਦ-ਰਚਨਾ ਨਹੀਂ ਵੀ ਮੰਨਦੇ। ਉਹਨਾਂ ਦਾ ਖਿਆਲ ਹੈ ਕਿ ਇਹ ਸਲੋਕ ਫ਼ਰੀਦ ਦੀ ਗੱਦੀ ਉੱਤੇ ਤੇਰ੍ਹਵੀਂ ਥਾਂ ਬੈਠਣ ਵਾਲੇ ਸ਼ੇਖ ਇਬਰਾਹੀਮ ਰਚਿਤ ਹਨ ਪਰ ਇਹ ਗੱਲ ਮੰਨਣ ਯੋਗ ਨਹੀਂ ਕਿ ਉਹ ਫ਼ਰੀਦ ਦਾ ਨਾਂ ਵਰਤ ਕੇ ਬਾਣੀ ਲਿਖਦੇ। ਮੈਕਾਲਿਫ ਨੇ ਉਨ੍ਹਾਂ ਦਾ ਨਾਂ 'ਫਰੀਦ ਸਾਨੀ' ਕਰ ਕੇ ਲਿਖਿਆ ਹੈ ਜਦੋਂ ਕਿ ਕਿਸੇ ਵੀ ਪੁਰਾਣੀ ਫਾਰਸੀ ਤ੍ਵਾਰੀਖ਼ ਜਾਂ ਤਜ਼ਕਰੇ ਵਿਚ ਇਹ ਵਿਸ਼ੇ -ਸ਼ਣ ਉਨ੍ਹਾਂ ਨਾਲ ਲਾਇਆ ਨਹੀਂ ਮਿਲਦਾ। ਫਿਰ ਗੁਰੂ ਸਾਹਿਬ ਨੂੰ ਵੀ ਕੀ ਲੋੜ ਸੀ ਕਿ ਉਹ ਕਿਸੇ ਦੀ ਰਚਨਾ ਕਿਸੇ ਹੋਰਸ ਦੇ ਨਾਂ ਨਾਲ ਮਨਸੂਬ ਕਰਦੇ। ਤੀਸਰੇ, ਫਾਰਸੀ ਤਜ਼ਕਰੇ ਲਿਖਣ ਵਾਲਿਆਂ ਨੇ ਬਾਬਾ ਫਰੀਦ ਦੇ ਇਕ ਇਕ ਦੋ ਦੋ ਪੰਜਾਬੀ ਸ਼ਲੋਕਾਂ ਦੀ ਵੰਨਗੀ ਵੀ ਦਿੱਤੀ ਹੈ, ਜੋ ਸਿੱਧ ਕਰਦੀ ਹੈ ਕਿ ਉਹ ਫਾਰਸੀ, ਅਰਬੀ ਤੋਂ ਇਲਾਵਾ ਪੰਜਾਬੀ ਵਿਚ ਵੀ ਬਾਣੀ ਰਚਦੇ ਸਨ।

1471 ਈ. ਵਿਚ ਰਚੀ 'ਜਮਾਅਤਿ ਸ਼ਾਹੀ' ਵਿਚ ਬਾਬਾ ਫਰੀਦ ਦੀ ਇਕ ਟੂਕ ਇਉਂ ਪੜ੍ਹਨ ਵਿਚ ਆਈ ਹੈ-

'ਅਸਾਂ ਕੇਰੀ ਯਹੀ ਸੁਰੀਤਿ
ਜਾਊਂ ਨਾਂਇ ਕਿ ਜਾਊਂ ਮਸੀਤ।

ਇਸੇ ਤਰ੍ਹਾਂ 1565 ਈ. ਦੀ ਲਿਖੀ 'ਵਾਕਿਆਤੇ ਮੁਸ਼ਤਾਕੀ' ਵਿਚ ਸ਼ੇਖ ਰਿਜ਼ਕ-ਅੱਲਾਹ ਫਰੀਦ ਦਾ ਇਕ

---

* ਵੇਰਵੇ ਲਈ ਦੇਖੋ ਮੇਰੀ ਪੁਸਤਕ, 'ਪੰਜਾਬੀ ਬੋਲੀ ਦਾ ਇਤਿਹਾਸ'।

ਸਲੋਕ ਇਸ ਤਰ੍ਹਾਂ ਦਰਜ ਕਰਦਾ ਹੈ :-

'ਜਿਤੁ ਘਰਿ ਜ਼ਿਮੀ ਨ ਪਾਈਐ, ਦਾਈਆ ਬੰਧਹਿ ਤਿਤ
ਚਿਤ ਪਰਦੇਸੀ ਪਾਹੁਣਾ, ਰਹਤਿ ਉਤਾਂਹੀ ਹਿਤ।'

ਡਾ. ਅਬਦੁਲ ਹੱਕ ਨੇ 'ਉਰਦੂ ਕੀ ਇਬਤਦਾਈ ਨਸ਼ਵੋ ਨੁਮਾ' ਵਿਚ ਇਕ ਹੋਰ ਟੂਕ ਫਰੀਦ ਦੇ ਨਾਂ ਤੇ ਅੰਕਿਤ ਕੀਤੀ ਹੈ:-

ਤਨ ਧੋਨੇ ਸੇ ਦਿਲ ਜੁ ਹੋਤਾ ਪਾਕ।
ਪੇਸ਼ਰ ਅਸਫੀਆ ਕੇ ਹੋਤੇ ਗਾਹਕ,
ਰੇਸ਼ ਸਬਲਤਾ ਸੇ ਗਰ ਬੜੇ ਹੋਤੇ।
ਬੱਕਰਵਾਨ ਸੇ ਨ ਕੁਈ ਬੜੇ ਹੋਤੇ।
ਖਾਕ ਲਗਾਨੇ ਸੇ ਗਰ ਖੁਦਾ ਪਾਇ।
ਗਾਂਇ ਬੈਲਾ ਭਿ ਵਾਸਲਾ ਹੋ ਜਾਇ।
ਗੌਸ਼ਾ ਗਰੀ ਮੇਂ ਗਰ ਖੁਦਾ ਮਿਲਤਾ।
ਗੋਸ਼ ਚੂਹਿਆਂ ਕੋ ਭਿ ਕੁਈ ਵਾਮਿਲ ਨ ਥਾ।

ਇਕ ਪੁਰਾਤਨ ਵੰਨਗੀ ਹੋਰ ਵੀ ਦੱਸੀ ਗਈ ਹੈ :-

'ਪਾਕ ਰੱਖ ਤੂ ਦਿਲ ਕੋ ਗੈਰ ਸੇਤੀ,
ਗਰ ਸਾਂਈ ਫਕੀਰ ਕਹਾਵਤਾ ਹੈਂ
ਕਦਮ ਕਦਮ ਕੇ ਆਗੇ ਆਵਨੇ ਸੇ,
ਲਾਜ਼ਵਾਲ ਦੌਲਤ ਕੂੰ ਪਾਵਤਾ ਹੈ।'

੧੭ ਵੀਂ ਸਦੀ ਦੇ ਮੁੱਢ ਦੀ ਰਚਨਾ 'ਜਵਾਹਰਿ ਫਰੀਦੀ' ਵਿਚ ਤਾਂ ਫਰੀਦ ਜੀ ਦਾ ਸਲੋਕ 'ਧੜ ਸੂਲੀ ਸਿਰ ਪਿੰਜਰੇ ਤਲੀਆਂ ਚੂੰਡਹਿ ਕਾਗ' ਵੀ ਕੁਝ ਪਾਠ-ਭੇਦ ਨਾਲ ਦਿੱਤਾ ਮਿਲਦਾ ਹੈ।

ਸਿਯਰੁਲ ਔਲੀਆ ਫ਼ਾਰਸੀ ਵਿਚ ਤਾਂ ਸਾਫ਼ ਲਿਖਿਆ ਹੈ:

'ਇਲ਼ਾਵਾ ਬਰੀਂ ਅਸ਼ਆਰਿ ਊਰਾ, ਦਰ

ਜ਼ਬਾਨਿ ਮੁਲਤਾਨੀ ਅਸ਼ਆਰ ਸ਼ੀਰੀਂ ਵ ਰਵਾਂ ਅਸਤ।'

ਇਸ ਤੋਂ ਸਿੱਧ ਹੁੰਦਾ ਹੈ ਕਿ ਬਾਬਾ ਫਰੀਦ ਜਿਥੇ ਕਦੀ ਕਦਾਈਂ ਫਾਰਸੀ ਜਾਂ ਅਰਬੀ ਵਿਚ ਕਲਾਮ ਕਹਿੰਦੇ ਸਨ, ਉਥੇ ਆਪਣੇ ਇਲਾਕੇ ਦੀ ਮਾਦਰੀ ਜ਼ਬਾਨ ਮੁਲਤਾਨੀ ਵਿਚ ਤਾਂ ਆਮ ਕਾਵਿ-ਰਚਨਾ ਕਰਦੇ ਹੀ ਰਹਿੰਦੇ ਸਨ।

ਇਸਦਾ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਣੀ ਹੈ, ਜੋਕਿ ਗੁਰੂ ਨਾਨਕ ਸਾਹਿਬ ਨੇ ਸਮੇਂ ਸਿਰ ਸੰਭਾਲੀ ਅਤੇ ਇਸ ਤੋਂ ਇਲਾਵਾ ਗੁਰਮੁਖੀ ਹੱਥ-ਲਿਖਤਾਂ ਵਿਚ ਆਏ ਦਰਜਨਾਂ ਸਲੋਕ ਵੀ ਇਸੇ ਹਕੀਕਤ ਦੀ ਪੁਸ਼ਟੀ ਕਰਦੇ ਹਨ। ਸ਼ੇਖ ਇਬ੍ਰਾਹੀਮ ਬਾਰੇ ਰਵਾਇਤ ਪੁਰਾਣੇ ਤਜ਼ਕਰਿਆਂ ਵਿਚ ਅਜੇਹੀ ਕੋਈ ਵੀ ਕਿਧਰੇ ਨਹੀਂ ਮਿਲਦੀ ਕਿ ਉਹ ਕੋਈ ਕਾਵਿ-ਰਚਨਾ ਵੀ ਕੀਤਾ ਕਰਦੇ ਸਨ। ਸੋ ਇਹ ਕਲਪਨਾ ਮੈਕਾਲਫ ਦਾ ਅਨੁਮਾਨ-ਮਾਤਰ ਸੀ।

ਇਕ ਹੋਰ ਗੱਲ, ਮੁਸਲਮਾਨਾਂ ਵਿਚ ਅਰਬੀ ਧਾਰਮਿਕ ਭਾਸ਼ਾ ਤੇ ਫ਼ਾਰਸੀ ਸਾਂਸਕ੍ਰਿਤਕ ਤੇ ਰਾਜਸੀ ਜ਼ਬਾਨ ਦੇ ਤੌਰ ਤੇ ਪ੍ਰਚਲਤ ਰਹੀ ਹੈ। ਇਸ ਕਰ ਕੇ ਆਮ ਦੇਸੀ ਭਾਸ਼ਾਵਾਂ ਨੂੰ ਉਹ ਬਹੁਤਾ ਮਹੱਤਵ ਨਹੀਂ ਸੀ ਦਿੰਦੇ। ਸੋ ਫਰੀਦ-ਬਾਣੀ ਵਲ ਵੀ ਘੱਟ ਹੀ ਧਿਆਨ ਦਿੱਤਾ ਗਿਆ। ਕੇਵਲ ਗੁਰੂਆਂ ਇਸ ਦੇ ਗੌਰਵ ਨੂੰ ਪਛਾਣਿਆ ਤੇ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨਾ ਜ਼ਰੂਰੀ ਤੇ ਭਲਾ ਜਾਣਿਆ।

ਵੱਡੀ ਦਲੀਲ ਇਹ ਵੀ ਦਿੱਤੀ ਜਾਂਦੀ ਹੈ ਕਿ ਤੇਰ੍ਹਵੀਂ ਸਦੀ ਵਿਚ ਪੰਜਾਬੀ ਬੋਲੀ ਦਾ ਇਤਨਾ ਨਿਖਰਵਾਂ ਰੂਪ ਨਹੀਂ ਸੀ ਬਣਿਆ, ਜਿਤਨਾ ਕਿ ਫਰੀਦ-ਬਾਣੀ ਤੋਂ ਜ਼ਾਹਰ ਹੈ ਪਰ ਪੁਸ਼ਟੀ ਲਈ ਇਹ ਸੱਜਣ ਇਹ ਨਹੀਂ ਦੱਸ ਸਕੇ ਕਿ ਆਖਰ ਉਸ ਸਮੇਂ ਕੇਹੋ ਜੇਹਾ ਅਨਿਖਰਵਾਂ ਰੂਪ ਮੌਜੂਦ ਸੀ ਜਿਸ ਨਾਲ

ਟਾਕਰਾ ਕੀਤਾ ਜਾ ਸਕੇ। ਹਾਂ, ਅਜੇਹਾ ਮੰਨਣ ਤੋਂ ਸਾਨੂੰ ਸੰਕੋਚ ਨਹੀਂ ਕਿ ਜਦ ਢਾਈ ਕੁ ਸੌ ਵਰ੍ਹੇ ਬਾਅਦ ਸ਼ੇਖ ਇਬਰਾਹੀਮ ਜਾਂ ਕਿਸੇ ਹੋਰ ਰਾਹੀਂ ਗੁਰੂ ਨਾਨਕ ਸਾਹਿਬ ਪਾਸ ਇਹ ਬਾਣੀ ਪਹੁੰਚੀ ਤਾਂ ਇਸ ਵਿਚ ਭਾਸ਼ਾਈ ਨੁਕਤੇ ਤੋਂ ਜ਼ਰੂਰ ਕੁਝ ਨ ਕੁਝ ਪਰਿਵਰਤਨ ਹੋ ਗਿਆ ਸੀ, ਜਿਵੇਂ ਕਿ ਬਹੁਤੀ ਪ੍ਰਸਿਧ ਤੇ ਪ੍ਰਚਲਤ ਰਚਨਾ ਦਾ ਲੋਕ-ਕੰਠ ਦੀ ਛੁਹ ਸਦਕੇ ਹੋ ਹੀ ਜਾਂਦਾ ਹੈ।

ਫ਼ਰੀਦ-ਬਾਣੀ

ਬਾਬਾ ਫ਼ਰੀਦ ਦੀ ਬਾਣੀ ਪੰਜਾਬੀ ਅਧਿਆਤਮਕਤਾ ਦੀ ਪੁਰਾਣੀ ਯਾਦਗਾਰੀ ਪਵਿੱਤਰ ਨਿਸ਼ਾਨੀ ਹੈ। ਇਸ ਦਰਵੇਸ਼ ਬਾਬੇ ਦੀ ਜ਼ਬਾਨੀ ਪੰਜਾਬ ਦੀ ਭਾਸ਼ਾ ਨਵੀਆਂ ਸੁਰਾਂ ਵਿਚ ਬੋਲਦੀ ਸੁਣਾਈ ਦਿੰਦੀ ਹੈ। ਮਹਾਤਮਾ ਬੁਧ ਦਾ ਸੁੱਚਾ ਸਿਸ਼ਟਾਚਾਰ, ਬਾਬੇ ਗੋਰਖ ਦਾ ਤਪ ਤਿਆਗ, ਹਜ਼ਰਤ ਮੁਹੰਮਦ ਸਾਹਿਬ ਦਾ ਸਬਰ ਸੰਤੋਖ ਤੇ ਭਾਰਤੀ ਸੰਤਾਂ ਦੀ ਪ੍ਰੇਮਾ ਭਗਤੀ ਇਸ ਦਾ ਮੂਲ ਆਧਾਰ ਹੈ। ਸਭ ਤੋਂ ਵੱਧ ਵਿਸ਼ੇਸ਼ਤਾ ਵਾਲੀ ਗੱਲ ਇਹ ਹੈ ਕਿ ਇਹ ਬੰਦਗੀ, ਇਹ ਫ਼ਕੀਰੀ, ਇਹ ਗਿਆਨ, ਇਹ ਸਿਖਿਆ ਪੰਜਾਬੀ ਰੰਗ ਢੰਗ ਵਿਚ ਉਘੜਦੀ ਤੇ ਆਪਣੀ ਨਿਵੇਕਲੀ ਝਲਕ ਦਿਖਾਉਂਦੀ ਹੈ। ਹਿੰਦੁਸਤਾਨੀ ਵੇਦਾਂਤ ਤੇ ਇਸਲਾਮੀ ਸੂਫ਼ੀਵਾਦ ਦਾ ਇਹ ਇਕ ਅਨੋਖਾ ਸੰਗਮ ਹੈ। ਨਾ ਤਾਂ ਇਸ ਵਿਚ ਵੇਦਾਂਤ ਵਾਲੀ ਰਸਹੀਣਤਾ ਹੈ ਤੇ ਨਾ ਹੀ ਸੂਫ਼ੀਆਂ ਵਾਲੀ ਮਰਯਾਦਾ-ਤੋੜ ਬੇਪਰਵਾਹੀ ਸਗੋਂ ਦੋਹਾਂ ਦਾ ਸੁਜਿੰਦ ਭਾਗ ਇਕ ਚੰਗੇ ਬਲਵਾਨ ਰੂਪ ਵਿਚ ਉਜਾਗਰ ਹੋਇਆ ਹੈ। ਬਾਵਜੂਦ ਮੁਸਲਮ ਮਿਸ਼ਨਰੀ ਹੋਣ ਦੇ, ਫ਼ਰੀਦ-ਬਾਣੀ ਐਸੀ ਹੈ ਜਿਸ ਵਿਚ ਨ ਹਿੰਦਵਾਣੀ ਕਰਮਾਂ ਦਾ ਨਿਖੇਧ ਹੈ ਤੇ ਨਾ ਹੀ

ਮੁਸਲਮਾਨੀ ਕਰਮਾਂ ਦਾ ਬਹੁਤਾ ਵਿਧਾਨ। ਇਕ ਸਾਂਝਾ ਜਿਹਾ ਸਨੇਹਾ ਹੈ, ਜੋ ਇਕ ਪਰਮ-ਮਿੱਠਾ ਮਨੁੱਖ ਦੂਜੇ ਮਨੁੱਖਾਂ ਨੂੰ ਦੇ ਰਿਹਾ ਹੈ। ਉਹ ਸ਼ੇਖ ਹੈ ਚੂੰਕਿ ਸਾਰੀ ਮੁਸਲਮਾਨੀਅਤ ਉਸ ਨੂੰ ਧਾਰਮਿਕ ਆਗੂ ਮੰਨ ਕੇ ਪੂਜਦੀ ਹੈ। ਉਹ ਬਾਬਾ ਹੈ; ਚੂੰਕਿ ਸਾਰੇ ਪੰਜਾਬੀ, ਬਿਨਾ ਕਿਸੇ ਸੰਪ੍ਰਦਾਈ ਵਿਤਕਰੇ ਦੇ ਉਸ ਲਈ ਸ਼ਰਧਾ ਰਖਦੇ ਹਨ। ਉਹ ਮਿੱਠਤ ਦਾ ਭੰਡਾਰ-ਸ਼ੱਕਰਗੰਜ ਹੈ ਚੂੰਕਿ ਉਸ ਦੀ ਜ਼ਬਾਨ ਦੀ ਮਿਠਾਸ ਤੇ ਮਨੋਹਰ ਸ਼ਖਸੀਅਤ ਦੇ ਦੈਵੀ ਪ੍ਰਭਾਵ ਨੇ ਸਭ ਦਾ ਮਨ ਮੋਹ ਲਿਆ ਹੈ।

ਕੁਝ ਵਿਦਵਾਨਾਂ ਇਹ ਕਹਿਣ ਦੀ ਭੁੱਲ ਕੀਤੀ ਹੈ ਕਿ ਫਰੀਦ ਉੱਚੇ ਦਰਜੇ ਦਾ ਸੂਫੀ ਨਹੀਂ ਕਿਉਂਕਿ ਉਹ ਬੁੱਲ੍ਹੇ ਵਾਂਗ ਸ਼ਰ੍ਹਾ ਸ਼ਰੀਅਤ ਵਿਰੁੱਧ ਖੁਲ੍ਹਾ ਹੋ ਕੇ ਨਹੀਂ ਬੋਲਦਾ। ਦਰਅਸਲ ਸੂਫ਼ੀ ਤੇ ਕੱਟੜ ਸ਼ਰ੍ਹਈ ਵਿਚ ਉਤਨਾ ਹੀ ਭੇਦ ਹੈ ਜਿਤਨਾ ਅਕਬਰ ਤੇ ਔਰੰਗਜ਼ੇਬ ਵਿਚ। ਜੇਕਰ ਵੇਖਿਆ ਜਾਵੇ ਤਾਂ ਉਹ ਬੁੱਲ੍ਹੇ ਆਦਿ ਤੋਂ ਕਿਤੇ ਵਧੇਰੇ ਵੱਡਾ ਤੇ ਗੰਭੀਰ ਸ਼ਖਸੀਅਤ ਦਾ ਮਾਲਕ ਸੂਫੀ ਹੈ, ਜੋ ਮਰਯਾਦਾ ਦਾ ਉਲੰਘਣ ਨਾ ਕਰਕੇ ਵੀ ਭੇਖ ਨੂੰ ਰੱਦ ਸਕਦਾ ਹੈ। ਕੀ ਹੋਇਆ ਜੇ ਉਸ ਨੇ ਜ਼ਿੰਦਗੀ ਦੀ ਮਰਯਾਦਾ ਨਿਭਾਉਣ ਦੀ ਕਿਤੇ ਪਰੇਰਨਾ ਕੀਤੀ ਪਰੰਤੂ ਦਿਖਾਵੇ ਦੀ ਸ਼ਰ੍ਹਾ ਸ਼ਰੀਅਤ ਦੀਂ ਤਾਂ ਉਹ ਖੁਲ੍ਹੀ ਨਿਖੇਧੀ ਕਰਦਾ ਹੈ। ਉਸ ਦੀ ਨਜ਼ਰ ਵਿਚ ਮੋਢੇ ਮੁਸੱਲਾ ਤੇ ਗਲ ਸੂਫ ਪਾਉਣ ਨਾਲ ਫਕੀਰੀ ਨਹੀਂ ਆ ਜਾਂਦੀ, ਸਗੋਂ ਦਿਲ ਅੰਦਰ ਦੈਵੀ ਪ੍ਰੀਤਿ ਦੀ ਹੋਂਦ ਉਸ ਦੀ ਪਹਿਲੀ ਸ਼ਰਤ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਤਿਹਾਸਕ ਪਰਸੰਗ ਵਿਚ ਫ਼ਰੀਦ-ਬਾਣੀ ਦੀ ਆਮ ਸੂਫੀ ਦੇ ਕਲਾਮ ਨਾਲੋਂ ਵੀ ਕਿਤੇ ਵਧੇਰੇ ਮਹੱਤਾ ਹੈ। ਜਿਵੇਂ ਪਿਛਲੇ ਜ਼ਮਾਨੇ, ਬ੍ਰਾਹਮਣੀ

ਕਰਮਕਾਂਡ ਨੇ ਯੱਗਾਂ ਦਾ ਅਡੰਬਰ ਰਚਾ ਤੇ ਪਸ਼ੂਆਂ ਦਾ ਬਲੀਦਾਨ ਦੇ ਕੇ ਖ਼ੂਨੀ ਧਾਰਾ ਵਹਾ ਦਿੱਤੀ ਸੀ ਤੇ ਮਹਾਤਮਾ ਬੁਧ ਨੇ 'ਅਹਿੰਸਾ ਪਰਮੋ ਧਰਮ' ਦਾ ਸੰਨੇਹਾ ਦੇ ਕੇ ਇਸ ਧਰਮ ਦੇ ਨਾਂ ਤੇ ਬਲਦੀ ਅੱਗ ਨੂੰ ਸ਼ਾਂਤ ਕੀਤਾ ਸੀ, ਤਿਵੇਂ ਇਸਲਾਮ ਦੇ ਨਾਂ ਤੇ ਰਾਜਨੀਤਕ ਸੁਆਰਥੀਆਂ ਦੀ ਖ਼ੂਨੀ ਤਲਵਾਰ ਨੇ ਜੋ ਕਲੰਕ ਦਾ ਟਿੱਕਾ ਆਪਣੇ ਮਤ ਦੇ ਮੱਥੇ ਲਾ ਲਿਆ ਸੀ, ਉਸ ਨੂੰ ਪ੍ਰੇਮ ਪਿਆਰ ਤੇ ਸਹਿਯੋਗੀ ਸੰਸਕਾਰ ਨਾਲ ਧੋਣਾ ਬਾਬਾ ਫਰੀਦ ਵਰਗੇ ਦਰਵੇਸ਼ਾਂ ਫਕੀਰਾਂ ਦਾ ਕੰਮ ਸੀ।

ਸਾਡੇ ਲਈ ਇਹ ਪ੍ਰਸੰਨਤਾ ਤੇ ਮਾਣ ਵਾਲੀ ਗੱਲ ਹੈ ਕਿ ਅੱਜ ਤੋਂ ਸੱਤ ਅੱਠ ਸੌ ਵਰ੍ਹੇ ਪਹਿਲਾਂ ਉਸ ਮਹਾਨ ਫਕੀਰ ਨੇ ਆਪਣੇ ਕੋਮਲ ਤੇ ਸੁਨੱਖੇ ਭਾਵਾਂ ਦੇ ਪ੍ਰਗਟਾਉ ਲਈ ਪੰਜਾਬੀ ਭਾਸ਼ਾ ਨੂੰ ਚੁਣਿਆ, ਜਦੋਂ ਕਿ ਉਹ ਅਰਬੀ ਫਾਰਸੀ ਦਾ ਵੀ ਚੰਗਾ ਆਲਮ ਸੀ। ਪੰਜਾਬੀ ਸਾਹਿਤ, ਸੂਫੀਆਂ ਫਕੀਰਾਂ ਤੇ ਗੁਰੂਆਂ ਭਗਤਾਂ ਦਾ ਸਾਹਿਤ ਹੈ। ਸਾਈਂ ਲੋਕਾਂ ਦੀ ਆਸ਼ੀਰਵਾਦ ਨਾਲ ਇਸਦਾ ਲਾਲਣ-ਪਾਲਣ ਹੋਇਆ ਅਤੇ ਬਾਬਾ ਫਰੀਦ ਦੇ ਸ਼ਲੋਕ ਇਸ ਗੱਲ ਦਾ ਪਰਤੱਖ ਪਰਮਾਣ ਹਨ। ਪ੍ਰਾਕ੍ਰਿਤ ਵਿਚ ਗਾਥਾ, ਅਪਭ੍ਰੰਸ਼ ਵਿਚ ਦੂਹਾ ਤੇ ਸੰਸਕ੍ਰਿਤ ਵਿਚ ਸ਼ਲੋਕ ਨੂੰ ਵਿਸ਼ੇਸ਼ ਪ੍ਰਸਿੱਧੀ ਪਰਾਪਤ ਰਹੀ ਹੈ। ਪਰੰਤੂ ਬਾਵਜੂਦ ਕਈ ਭਾਸ਼ਾ-ਪਰਿਵਰਤਨਾਂ ਤੇ ਸਾਹਿਤਕ ਰੂਪਾਂ ਦੀਆਂ ਅਦਲਾ-ਬਦਲੀਆਂ ਦੇ ਸੰਸਕ੍ਰਿਤ ਦੀ ਜਨਮ-ਭੂਮੀ ਪੰਜਾਬ ਵਿਚ, ਸ਼ਲੋਕ ਦੀ ਆਤਮਾ ਮਰ ਨਹੀਂ ਸਕੀ। ਕਦੇ ਦੋਹਰੇ, ਕਦੀ ਸੱਦ, ਕਦੀ ਕਲੀ ਦੇ ਨਾਂ ਹੇਠ ਇਹ ਬਾਰ ਬਾਰ ਉਭਰਦੀ ਰਹੀ ਹੈ। ਇਉਂ ਮਲੂਮ ਹੁੰਦਾ ਹੈ ਕਿ ਜਿਵੇਂ ਪਵਿਤਰ ਧਾਰਮਿਕ ਬਚਨਾਂ ਨੂੰ 'ਸਲੋਕ' ਨਾਮ ਨਾਲ ਪੁਕਾਰਨਾ ਹੀ ਠੀਕ ਸਮਝਿਆ ਗਿਆ ਹੈ। ਇਹ ਦੋਹਰਾ ਰੂਪ

ਸਲੋਕ ਇਸ ਗੱਲ ਦੀ ਵੀ ਗਵਾਹੀ ਹੈ ਕਿ ਸਾਡੀਆਂ ਜ਼ਬਾਨਾਂ ਦਾ ਸਾਹਿਤਕ ਵਿਕਾਸ, ਅਪਭ੍ਰੰਸ਼ ਵਿਚੋਂ ਹੋਇਆ ਹੈ ਤੇ ਇਹ ਪੰਜਾਬੀਆਂ ਦੀ ਮੰਜਮੀ ਤੇ ਸੰਜਮੀ ਸਾਹਿਤਕ ਰੁਚੀਆਂ ਨੂੰ ਦਰਸਾਉਂਦਾ ਹੈ। ਬਾਬਾ ਫ਼ਰੀਦ ਦੀ ਕਾਵਿ-ਸ਼ੈਲੀ ਇਸ ਸੰਜਮ ਦੀ ਖ਼ੂਬਸੂਰਤ ਮਿਸਾਲ ਹੈ।

ਭਾਵੇਂ ਬਾਬਾ ਫਰੀਦ ਤੋਂ ਪਹਿਲਾਂ ਵੀ ਭੱਟਾਂ, ਢਾਡੀਆਂ ਤੇ ਜੋਗੀਆਂ ਨਾਥਾਂ ਆਪਣੀ ਤਰ੍ਹਾਂ ਦੀ ਰਚਨਾ ਰਚੀ ਸੀ। ਢਾਡੀ ਲੋਕ ਆਪਣੇ ਮਾਲਕਾਂ ਦੀ ਤੇ ਸੂਰਮਿਆਂ ਦੀ ਕੀਰਤੀ ਗਾਉਂਦੇ ਤੇ ਤਿਆਗੀ ਜੋਗੀ ਆਪਣੇ ਸੁੰਨਵਾਦੀ ਫਲਸਫੇ ਤੇ ਅਸ਼ਟਾਂਗ ਜੋਗ ਦੀ ਚਰਚਾ ਛੰਦਾਂ ਵਿਚ ਕਰਦੇ ਸਨ। ਪਰੰਤੂ ਫ਼ਰੀਦ ਵਾਂਗ ਉਹਨਾਂ ਦਾ ਵਿਛੋੜੇ ਵਿਚ ਅੰਗ ਮੁੜ ਮੁੜ ਨਹੀਂ ਸੀ ਜਾਂਦਾ ਤੇ ਨਾ ਹੀ ਕਾਲੀ ਕੋਇਲ ਵਾਂਗ ਉਹਨਾਂ ਦਾ ਆਪਾ ਪ੍ਰੀਤਮ-ਬ੍ਰਿਹੋਂ ਦੇ ਸੋਜ਼ ਨਾਲ ਸੜ ਬਲ ਕੇ ਕੋਇਲਾ ਹੋਇਆ ਸੀ। ਇਹੋ ਕਾਰਣ ਹੈ ਕਿ ਉਹ ਕੰਦਰਾਵਾਸੀ ਰੁੱਖੇ ਲੋਕ, ਰਸੀਲੀ ਕਵਿਤਾ ਨਹੀਂ ਰਚ ਸਕੇ, ਕੇਵਲ ਤੁਕਬੰਦੀ ਹੀ ਕਰਦੇ ਰਹੇ। ਬਾਬਾ ਫ਼ਰੀਦ ਅੰਦਰ ਇਹ ਚਿਣਗ ਮੌਜੂਦ ਸੀ। ਉਹਨਾਂ ਉਸ ਜਜ਼ਬੇ ਹੇਠ ਪੰਜਾਬੀ ਵਿਚ ਆਪਣਾ ਸੂਫ਼ੀ ਕਾਵਿ ਗਾਂਵਿਆ। ਇਸੇ ਕਰਕੇ ਇਸ ਬਾਣੀ ਨੂੰ ਜਿਤਨੀ ਲੋਕ-ਪ੍ਰਿਯਤਾ ਮਿਲੀ, ਇਤਨੀ ਇਸ ਤੋਂ ਪਹਿਲਾਂ ਰਚੀ ਪੰਜਾਬੀ ਜੋਗੀਆਂ ਦੀ ਰਚਨਾ ਨੂੰ ਕਦੰਤ ਨਸੀਬ ਨ ਹੋਈ। ਉਹ ਆਪਣੀ ਵਿਸ਼ੇਸ਼ ਸ਼ਬਦਾਵਲੀ ਵਿਚ ਅਲਝੇ ਅੰਤਰਮੁਖੀ ਬੁਝਾਰਤਾਂ ਹੀ ਪਾਉਂਦੇ ਰਹੇ।

ਫਰੀਦ ਦੀ ਕਾਵਿ-ਯਾਤਰਾ

ਸੰਸਕ੍ਰਿਤ ਕਾਵਿ ਦੀ ਉਤਪਤੀ ਬਾਰੇ ਇਕ ਰੋਚਕ ਕਥਾ ਪ੍ਰਚਲਤ ਹੈ ਕਿ ਇਸ ਦੇ ਆਦਿ ਕਵੀ ਰਿਸ਼ੀ

ਬਾਲਮੀਕਿ ਦੀ ਕਾਵਿਧਾਰਾ ਦਾ ਸ੍ਰੋਤ ਵਿਛੜੇ ਕੂੰਜਾਂ ਦੇ ਜੋੜੇ ਦੀ ਕੂਕ ਪੁਕਾਰ ਸੁਣ ਕੇ ਪ੍ਰਵਾਹਿਤ ਹੋਇਆ ਸੀ। ਸ਼ਿਕਾਰੀ ਦੇ ਘਾਇਲ ਕੀਤੇ ਤੜਫਦੇ ਪੰਛੀ ਨੂੰ ਤੱਕ ਕੇ ਰਿਸ਼ੀ ਦਾ ਕੋਮਲ ਹਿਰਦਾ ਦ੍ਰਵ ਉਠਿਆ ਤੇ ਕਵਿਤਾ ਦੇ ਰੂਪ ਵਿਚ ਵਹਿਣ ਲਗਾ। ਬਾਬਾ ਫਰੀਦ ਦੇ ਅੰਦਰੋਂ ਜੋ ਕਾਵਿਧਾਰਾ ਫੁਟੀ, ਉਸ ਦਾ ਕਾਰਨ ਵੀ ਇਹੋ ਤੜਪ ਸੀ ਕਿਉਂਕਿ ਇਸ ਤੜਪ ਜਾਂ ਸੋਜ਼ ਬਿਨਾਂ ਅੰਦਰਲੇ ਭਾਵਾਂ ਦਾ ਸੋਨਾ ਪਿਘਲਾਇਆ ਨਹੀਂ ਜਾ ਸਕਦਾ। ਤੜਪ ਦਾ ਦੂਸਰਾ ਨਾਂ ਬ੍ਰਿਹੋਂ ਹੈ ਤੇ ਬ੍ਰਿਹੋਂ-ਹੀਣ ਹਿਰਦਾ ਕਬਰਸਤਾਨ ਹੈ ਤੇ ਕਬਰ ਕਦੀ ਵੀ ਕੋਈ ਗੀਤ ਨਹੀਂ ਗਾ ਸਕਦੀ। ਫਰੀਦ ਜੀ ਦਾ ਆਪਣਾ ਕੌਲ ਹੈ :-

'ਬਿਰਹਾ ਬਿਰਹਾ ਆਖੀਐ, ਬਿਰਹਾ ਤੂੰ ਸੁਲਤਾਨ
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ, ਸੋ ਤਨ ਜਾਣ ਮਸਾਨ।'੩੬।

ਬਾਬਾ ਫਰੀਦ ਨਿਰਾਪੁਰਾ ਜ਼ਾਹਦ ਸ਼ੇਖ ਨਹੀਂ ਸੀ ਸਗੋਂ ਪ੍ਰੇਮ ਰਸ-ਰਾਤਾ ਸੂਫੀ ਫਕੀਰ ਸੀ। ਉਸ ਦਾ ਅੰਦਰ ਆਪਣੇ 'ਅੱਲ੍ਹਾ ਬੇਲੀ' ਦੀ ਯਾਦ ਵਿਚ ਬਾਂਵਲਾ ਹੋ ਰਿਹਾ ਸੀ ਤੇ ਤਨ, ਤਪ ਤਾਪਦਾ ਸੁੱਕ ਸੁੱਕ ਪਿੰਜਰਾ ਹੋ ਚਲਿਆ ਸੀ। ਇਉਂ ਚਿੰਤਾਂ ਗ਼ਮਾਂ ਦੀ ਸੇਜਾ ਤੇ ਪਈ ਫਕੀਰ ਦੀ ਆਤਮਾ ਆਪਣੇ ਮਹਿਬੂਬ ਦੇ ਦੀਦਾਰ ਲਈ ਵਿਲਕ ਰਹੀ ਸੀ। ਉਸ ਲਈ ਸਾਰੇ ਸਰੀਰ ਦਾ ਖੋਇਆ ਜਾਣਾ ਕੋਈ ਖਾਸ ਗੱਲ ਨਹੀਂ ਸੀ, ਫਕੀਰ ਕੇਵਲ ਆਪਣੇ ਦੋ ਨੈਣ ਜ਼ਰੂਰ ਬਚਾ ਕੇ ਰੱਖਣਾ ਚਾਹੁੰਦਾ ਸੀ, ਜਿਨ੍ਹਾਂ ਨਾਲ ਉਸ ਨੂੰ ਵੇਖ ਸਕੇ, ਕਾਂਵਾਂ ਨੂੰ ਦਿੱਤੀ ਨਸੀਹਤ ਵਿਚੋਂ ਵੀ ਇਹ ਗੱਲ ਪਰਤੱਖ ਹੁੰਦੀ ਹੈ :-

ਤਨ ਸੁਕਾ ਪਿੰਜਰ ਥੀਆ, ਤਲੀਆਂ ਖੂੰਡਹਿ ਕਾਗ,
ਅਜੇ ਸੁ ਰਬ ਨ ਬਹੁੜਿਓ, ਦੇਖ ਬੰਦੇ ਦੇ ਭਾਗ।੯੦।

ਕਾਗਾ ਕਰੰਗ ਢੰਢੋਲਿਆ, ਸਗਲਾ ਖਾਇਆ ਮਾਸ।
ਇਹੁ ਦੁਇ ਨੈਨਾ ਮਤ ਛੁਅਹੁ, ਪਿਰ ਦੇਖਨ ਕੀ ਆਸ।੯੧।

ਕਈਆਂ ਇਸ ਕਾਵਿ-ਕਲਪਨਾ ਦੇ ਆਧਾਰ ਉਤੇ ਇਕ ਸਾਖੀ ਹੀ ਬਣਾ ਲਈ ਹੈ ਕਿ ਉਹ ਇਸ ਤਰ੍ਹਾਂ ਦਾ ਤੀਖਣ ਤਪ ਕਰਦੇ ਪੁਠੇ ਲਟਕਦੇ ਰਹੇ ਸਨ ਪਰ ਇਹ ਇਤਿਹਾਸਕ ਸੱਚ ਨਹੀਂ। ਇਸੇ ਤਰ੍ਹਾਂ ਕਾਠ ਦੀ ਰੋਟੀ ਦੀ ਕਹਾਣੀ ਬਣੀ ਹੈ। ਇਹ ਤਾਂ ਠੀਕ ਹੈ ਕਿ ਫਰੀਦ ਬੜੇ ਤਪ-ਸਾਧਨਾ ਵਾਲੇ ਸਨ ਤੇ ਉਨ੍ਹਾਂ ਰੱਬ ਦੀ ਪ੍ਰਾਪਤੀ ਲਈ ਕਈ ਕਈ ਦਿਨ ਅੰਨ ਪਾਣੀ ਤੋ ਬਿਨਾਂ ਵੀ ਲੰਘਾਏ ਸਨ। ਇਹ ਤਾਂ ਹੀ ਹੁੰਦਾ ਹੈ ਜਦੋਂ ਨਿਸ਼ਾਨਾ ਸਰੀਰਕ ਲੋੜਾਂ ਤੋਂ ਵੀ ਉਚੇਰਾ ਤੇ ਗੌਰਵ ਵਾਲਾ ਹੋਵੇ ਤੇ ਪ੍ਰੀਤਿ-ਕੇਂਦਰ ਪਰਮ ਪਰਮੇਸ਼ਰ ਹੋਵੇ।

ਇਸ ਪਿਰ ਦੇਖਣ ਦੀ ਸਿੱਕ ਨੇ ਹੀ ਉਨ੍ਹਾਂ ਦੀ ਫਕੀਰੀ ਨੂੰ ਕਵਿਤਾ ਦਾ ਰੂਪ ਦਿਤਾ। ਉਹ ਸਤਲੁਜ ਕੰਢੇ ਆਪਣੇ ਮਹਿਬੂਬ ਦੀ ਤਲਾਸ਼ ਵਿਚ ਜੰਗਲ ਬੇਲੇ ਗਾਹੁੰਦੇ, ਰੇਤ-ਥਲਾਂ ਵਿਚ ਭਟਕਦੇ, ਕਹਿਰਾਂ ਦੀਆਂ ਭੁੱਖਾਂ ਨਾਲ ਟਾਕਰੇ ਲੈਂਦੇ ਤੇ ਉਨੀਂਦਰੇ ਝਾਗਕੇ ਰਾਤਾਂ ਲੰਘਾਂਦੇ ਸਨ। ਰਾਤ ਭਰ ਜਾਗਕੇ ਬੰਦਗੀ ਵਿਚ ਲੀਨ ਰਹਿਣਾ ਉਨ੍ਹਾਂ ਦਾ ਨਿਤ ਦਾ ਜੀਵਨ ਹੋ ਗਿਆ ਸੀ। ਉਨ੍ਹਾਂ ਨੂੰ ਨਿਸਚਾ ਸੀ ਕਿ ਇਸ ਸਮੇਂ ਹੀ ਪ੍ਰੀਤਮ ਆਪਣੇ ਪ੍ਰੀਤ-ਭਿਖਾਰੀਆਂ ਨੂੰ ਮੁਹੱਬਤ ਦੀ ਕਸਤੂਰੀ ਵੰਡਦਾ ਹੈ, ਸੁੱਤੇ ਰਹਿਕੇ ਇਸ ਸੁਗੰਧੀ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਉਹ ਕਹਿੰਦੇ ਹਨ :-

ਫਰੀਦਾ ਰਾਤਿ ਕਥੂਰੀ ਵੰਡੀਐ, ਸੁਤਿਆਂ ਮਿਲੈ ਨਾ ਭਾਉ
ਜਿਨ੍ਹਾਂ ਨੈਣ ਨਿੰਦ੍ਰਾਵਲੇ, ਤਿਨਾ ਮਿਲਣ ਕੁਆਉ।੮੦।

ਭਾਈ ਗੁਰਦਾਸ ਨੇ ਵੀ 'ਕੁਰਬਾਣੀ ਤਿਨ ਗੁਰਸਿਖਾਂ ਪਿਛਲ ਰਾਤੀ ਉਠ ਬਹੰਦੇ' ਆਖਕੇ ਪੰਜਾਬੀਆਂ ਦੀ ਭਿੰਨੜੀ

ਰੈਣ ਵਿਚ ਜਾਗਣ ਦੀ ਸਮੁਚੀ ਚੇਤਨਤਾ ਨੂੰ ਸ਼ਰਧਾਂਜਲੀ ਭੇਟ ਚੜ੍ਹਾਈ ਹੈ। ਫਰੀਦ ਇਸ ਅਮੋਲਕ ਕਸਤੂਰੀ ਦੀ ਪ੍ਰਾਪਤੀ ਲਈ ਆਪਣੀ ਜੁਆਨੀ ਨੂੰ ਵਾਰ ਦੇਣਾ ਮਾਮੂਲੀ ਗੱਲ ਸਮਝਦੇ ਸਨ। ਚੂੰਕਿ ਉਹ ਜਾਣਦੇ ਸਨ, ਜੰਗਲਾਂ ਵਿਚ ਖਿੜੇ ਕਿਤਨੇ ਫੁਲਾਂ ਦਾ ਜੋਬਨ, ਬਿਨਾਂ ਕਿਸੇ ਦਾ ਗਲਹਾਰ ਬਣੇ ਐਵੇਂ ਹੀ ਬਿਅਰਥ ਚਲਿਆ ਜਾਂਦਾ ਹੈ।

ਜੋਬਨ ਜਾਂਦੇ ਨਾ ਡਰਾਂ, ਜੇ ਸਹੁ ਪ੍ਰੀਤਿ ਨਾ ਜਾਇ।
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨ, ਸੁਕ ਗਏ ਕੁਮਲਾਇ।੩੪।

ਫਰੀਦ ਕੰਕਰ ਚੁਗਣ ਵਾਲੇ ਸਾਧਾਰਣ ਬਨਵਾਸੀ ਪੰਛੀਆਂ ਤੋਂ ਸਦਕੇ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਖਿਆਲ ਹੈ ਕਿ ਉਹ ਆਪਣੇ ਰੱਬ ਦੇ ਵਧੇਰੇ ਨੇੜੇ ਵਸਦੇ ਹਨ।

ਫਰੀਦਾ ਹਉ ਬਲਿਹਾਰੀ ਤਿਨਾਂ ਪੰਖੀਆਂ ਜੰਗਲਿ ਜਿਨਾ ਵਾਸ
ਕਕਰ ਚੁਗਨਿ ਥਲਿ ਵਸਨਿ, ਰੱਬ ਨਾ ਛੋਡਨਿ ਪਾਸ।੧੦੧।

ਆਖਰ ਜੰਗਲ ਗਾਹੁਣ ਵਾਲੇ ਖੋਜੀ ਨੂੰ ਆਪਣਾ ਰੱਬ ਅੰਦਰੋਂ ਹੀ ਮਿਲ ਜਾਂਦਾ ਹੈ, ਉਸਦੀ ਢੂੰਡ ਭਾਲ ਸਦਾ ਲਈ ਖਤਮ ਹੋ ਜਾਂਦੀ ਹੈ।

ਬਾਬਾ ਫਰੀਦ ਦੀ ਰੁਬਾਈ ਹੈ :-

ਅਜ਼ ਨੂਰਿ ਜਮਾਲ ਮਰਦਿ ਮੁਤਲਕ ਖੇਜ਼ਦ
ਵਜ਼ ਸ਼ੌਕਿ ਖ਼ੁਦਾ ਨਿਗਰ ਚਿ ਰੌਣਕ ਖੇਜ਼ਦ
ਖਾਤਰਿ ਮਰਦਾਂ ਚਿ ਅਜਾਇਬ ਬਹਰੇ ਸਤ
ਚੂੰ ਮੌਜ ਜ਼ਨਦ ਹਮਾ 'ਅਨਲਹੱਕ' ਖੇਜ਼ਦ।

ਭਾਵ ਇਹ ਕਿ ਰੱਬੀ ਨੂਰ ਵਿਚੋਂ ਕੋਈ ਪੂਰਨ ਮਨੁੱਖ ਉਜਾਗਰ ਹੁੰਦਾ ਹੈ। ਰੱਬੀ ਸ਼ੌਕ ਵਿਚੋਂ, ਤੂੰ ਦੇਖ, ਕੇਹੀ ਰੌਣਕ ਨਮੂਦਾਰ ਹੁੰਦੀ ਹੈ। ਮਹਾਨ ਪੁਰਸ਼ਾਂ ਦਾ ਹਿਰਦਾ ਅਜੀਬ

ਕਿਸਮ ਦਾ ਸਾਗਰ ਹੈ ਕਿ ਇਸ ਵਿਚ ਜਦੋਂ ਲਹਰਾਂ ਉਠਦੀਆਂ ਤਾਂ ਹਰੇਕ ਤਰੰਗ ਵਿਚੋਂ 'ਅਨਲਹੱਕ' ਦੀ ਧੁਨਿ ਗੂੰਜਦੀ ਹੈ।

ਸਪਸ਼ਟ ਹੈ ਕਿ ਬੰਦਗੀ ਕਰਨ ਵਾਲਾ ਫ਼ਕੀਰ ਅਖੀਰ ਰੱਬ ਦਾ ਰੂਪ ਹੋ ਜਾਂਦਾ ਤੇ ਉਸਦੇ ਰੋਮ ਰੋਮ ਵਿਚੋਂ ਇਲਾਹੀ ਗੂੰਜ ਸੁਣਾਈ ਦਿੰਦੀ ਹੈ।

ਕਈ ਇਹ ਵੀ ਕਹਿੰਦੇ ਹਨ ਕਿ ਫਰੀਦ ਨੇ 'ਰੁਖੀ ਸੁਖੀ ਖਾਇ ਕੇ ਠੰਢਾ ਪਾਣੀ ਪੀਉ।' ਦਾ ਉਪਦੇਸ਼ ਦੇ ਕੇ ਮਨੁੱਖ ਨੂੰ ਕਰਮਯੋਗ ਵਲੋਂ ਪਿੰਗਲਾ ਕਰ ਦਿੱਤਾ ਹੈ ਪਰ ਅਸਲੀਅਤ ਇਹ ਨਹੀਂ। ਉਹਨਾਂ ਅੱਯਾਸ਼ੀ ਦੇ ਜੀਵਨ ਨਾਲੋਂ ਸਬਰ ਸੰਤੋਖ ਵਾਲੀ ਜ਼ਿੰਦਗੀ ਨੂੰ ਵਧੇਰੇ ਸਲਾਹਿਆ ਹੈ ਤੇ ਮਨੁੱਖ ਨੂੰ ਇਹ ਸਮਝਾਇਆ ਹੈ ਕਿ ਉਹ 'ਪਰਾਈ ਚੋਪੜੀ' ਵੇਖ ਕੇ ਦਿਲ ਨ ਲਲਚਾਵੇ। ਆਪਣੀ ਮੇਹਨਤ ਦੀ ਰੁੱਖੀ ਸੁੱਖੀ, ਬੇਗਾਨੀ ਚੋਪੜੀ ਨਾਲੋਂ ਕਿਤੇ ਚੰਗੀ ਹੈ। ਪਰਾਈ ਅਧੀਨਗੀ ਨੂੰ ਉਹ ਕਿੰਨਾ ਮੰਦਾ ਸਮਝਦੇ ਸਨ - ਮਨੁੱਖੀ ਸੁਤੰਤਰਤਾ ਲਈ ਉਹਨਾਂ ਦਾ ਇਹ ਬਚਨ ਪੰਜਾਬੀ ਜਨਤਾ ਦੀ ਸਦਾ ਅਗਵਾਈ ਕਰਦਾ ਰਹੇਗਾ :-

ਫਰੀਦਾ ਬਾਰ ਪਰਾਇਐ ਬੈਸਣਾ, ਸਾਈਂ ਮੁਝੈ ਨ ਦੇਹਿ
ਜੇ ਤੂੰ ਏਵੈ ਰਖਸੀ, ਜੀਉ ਸਰੀਰਹੁ ਲੇਹਿ।੪੨।

ਸੋ ਫਰੀਦ ਜਦੋਂ ਇਹ ਕਹਿੰਦੇ ਹਨ ਕਿ ਕਬਰ ਅਵਾਜ਼ਾਂ ਦੇ ਰਹੀ ਹੈ, ਛੰਭਾਂ ਤੇ ਰੌਣਕਾਂ ਲਾਉਣ ਵਾਲੇ ਪੰਛੀ ਉਡਦੇ ਜਾ ਰਹੇ ਹਨ, ਜਿੰਦ ਵਹੁਟੀ ਨੂੰ ਮੌਤ-ਵਰ ਨੇ ਆਖਿਰ ਪਰਣਾ ਹੀ ਲਿਜਾਣਾ ਹੈ, ਕੂਚ ਦੀ ਨੌਬਤ ਵੱਜ ਰਹੀ ਹੈ, ਇਸ ਕਰ ਕੇ ਹਰ ਮੁਸਾਫਰ ਨੂੰ ਸਾਵਧਾਨ ਹੋਣ ਦੀ ਲੋੜ ਹੈ। ਆਖ਼ਰ ਸੰਸਾਰ ਦੀ ਨਾਸ਼ਮਾਨਤਾ ਬਾਰ ਬਾਰ ਇਸ ਲਈ ਦ੍ਰਿੜ੍ਹਾਈ

ਗਈ ਹੈ ਕਿ ਆਦਮੀ ਵਿਸ਼ੇ ਵਿਕਾਰਾਂ ਦੇ ਝੰਜਟ ਵਿਚ ਪੈ ਉੱਚੇ ਸੁੱਚੇ ਮਨੋਰਥ ਨੂੰ ਨ ਭੁੱਲ ਜਾਵੇ। ਕੁਸੰਭੜੇ ਦੇ ਕੱਚੇ ਰੰਗ ਨੂੰ ਪੱਕਾ ਸਮਝਣਾ ਭੁੱਲ ਹੈ। ਇਸ ਕਰਕੇ ਜ਼ਿੰਦਗੀ ਨੂੰ ਮਜੀਠੀ ਰੰਗ ਵਿਚ ਰੰਗਣ ਲਈ ਇਖ਼ਲਾਕੀ ਗੁਣਾਂ ਦੀ ਪਾਹ ਦੇਣਾ ਜ਼ਰੂਰੀ ਹੈ। ਸਹਿਨਸ਼ੀਲਤਾ, ਨਿੰਮ੍ਰਤਾ, ਮਿੱਠਤ, ਸਬਰ, ਸੰਤੋਖ, ਬੁਰੇ ਦਾ ਭਲਾ ਕਰਨਾ, ਕਿਸੇ ਨੂੰ ਮੰਦਾ ਨ ਬੋਲਣਾ, ਆਪਣੇ ਆਪ ਨੂੰ ਸੁਆਰਨਾ ਅਜਿਹੇ ਗੁਣ ਹਨ ਜਿਨ੍ਹਾਂ ਕਰਕੇ ਅਧਿਆਤਮਕ ਰੰਗ ਚੜ੍ਹ ਸਕਦਾ ਹੈ। ਸੋ ਫਰੀਦ ਦਾ ਧਾਰਮਿਕ ਮਾਰਗ ਜਿਨ੍ਹਾਂ ਦੋਹਾਂ ਪੈਰਾਂ ਨਾਲ ਚਲਿਆ ਜਾਣ ਵਾਲਾ ਹੈ, ਉਹ ਕਦਮ ਪੈਰ ਹਨ - ਅਧਿਆਤਮਕ ਭਰੋਸਾ ਤੇ ਸਦਾਚਾਰ। ਇਲਾਹੀ ਈਮਾਨ ਤੇ ਇਖਲਾਕੀ ਸ਼ਾਨ।

ਪਰ ਅਦ੍ਰਿਸ਼ਟ ਸੱਤਾ ਉਤੇ ਸਿਦਕ ਲਿਆਉਣਾ ਤੇ ਦੁਨਿਆਵੀ ਰਸਾਂ-ਕਸਾਂ ਨੂੰ ਤਿਆਗ ਕੇ ਸ੍ਰੇਸਟਾਚਾਰ ਕਮਾਉਣਾ ਵਿਰਲੇ ਮਹਾਂਪੁਰਸ਼ਾਂ ਦਾ ਹੀ ਕੰਮ ਹੈ।

ਫਰੀਦ ਦਾ ਅਧਿਆਤਮਵਾਦ

ਅਧਿਆਤਮਵਾਦ ਇਕ ਪਰਾਸਰੀਰਕ ਅਨੁਭਵ ਹੈ ਜਿਸ ਨੂੰ ਆਮ ਚੀਜ਼ਾਂ ਵਾਂਙ ਇੰਦ੍ਰਿਆਂ ਦੁਆਰਾ ਦੇਖਿਆ ਸੁਣਿਆ ਜਾਂ ਮਾਣਿਆਂ ਨਹੀਂ ਜਾ ਸਕਦਾ। ਇਹ ਗੰਭੀਰ ਅਨੁਭੂਤੀ, ਇੰਦ੍ਰੇ-ਬੋਧ ਤੋਂ ਪਰੇ ਦੀ ਵਸਤੂ ਹੋਣ ਕਰਕੇ ਇਕ ਰਹੱਸ ਜਾਂ ਭੇਦ-ਭਰੀ ਗੱਲ ਹੈ, ਇਸ ਕਰਕੇ ਪਰਮ ਸੱਤਾ ਦੇ ਸਾਖਿਆਤਕਾਰ ਨੂੰ ਰਹੱਸਵਾਦ ਵੀ ਕਹਿ ਦਿੱਤਾ ਜਾਂਦਾ ਹੈ। ਇਹ ਉਹ ਮਜ਼ਬ ਹੈ ਜੋ ਦੋ ਰੂਹਾਂ ਦਾ ਮੇਲ ਕਰਾਉਂਦਾ ਹੈ। ਇਸ ਨਾਲ ਰਹੱਸਵਾਦੀ ਸਾਰੇ ਬ੍ਰਹਿਮੰਡ ਵਿਚ ਭਿੰਨਤਾ ਦੇ ਬਾਵਜੂਦ ਵੀ ਏਕਤਾ ਦਾ ਅਨੁਭਵ ਕਰ ਲੈਂਦਾ ਹੈ। ਸੱਚ ਪੁੱਛੋ ਤਾਂ ਅੰਤਰਆਤਮੇ ਰੱਬ ਨਾਲ ਦੋਸਤੀ ਪਾਉਣ ਤੇ ਹੰਢਾਉਣ ਦਾ

ਹੁਨਰ ਹੀ ਰਹੱਸਵਾਦ ਹੈ।* ਇਸ ਦੁਆਰਾ ਆਤਮਾ ਦੀ ਪਰਮਾਤਮਾ ਨਾਲ ਮੇਲ ਮੁਲਾਕਾਤ ਹੁੰਦੀ ਤੇ ਸੂਖਮ ਭਾਂਤ ਦਾ ਅਨੋਖਾ ਵਾਰਤਾਲਾਪ ਹੁੰਦਾ ਹੈ ਜਿਸ ਨੂੰ ਹਰ ਕੋਈ ਜਾਣ ਨਹੀਂ ਸਕਦਾ ਪਰੰਤੂ ਬਾਬਾ ਫਰੀਦ ਨੇ ਇਸ ਅਨੁਭਵ ਨੂੰ ਇਉਂ ਯਥਾਰਥਕ ਬਣਾ ਕੇ ਚਿਤ੍ਰਿਆ ਹੈ ਜਿਵੇਂ ਕਿ ਇਸ ਦਾ ਰਸ ਅਨੰਦ ਸਰੀਰ ਤੇ ਇੰਦ੍ਰਿਆਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੁੰਦਾ ਹੈ। ਆਮ ਤੌਰ ਤੇ ਕਿਹਾ ਇਹੋ ਜਾਂਦਾ ਹੈ ਕਿ ਇਸ ਪ੍ਰਕ੍ਰਿਆ ਨੂੰ ਹੋਰ ਪਦਾਰਥਕ ਕ੍ਰਿਆਵਾਂ ਵਾਂਙ ਤਾਰਕਿਕ ਦ੍ਰਿਸ਼ਟੀ ਤੋਂ ਜੋਖਣਾ ਪਰਖਣਾ ਬਿਖਮ ਹੈ। ਦਰਸ਼ਨ ਜਾਂ ਫਿਲਾਸਫੀ ਤਾਂ ਸਤਿ ਦਾ ਨਿਰਣਾ ਕਰਨ ਲਈ ਤਰਕ ਦਾ ਆਸਰਾ ਲੈ ਲੈਂਦੀ ਹੈ ਤੇ ਕੁਝ ਵਿਸ਼ਲੇਸ਼ਨ ਵੀ ਕਰ ਲੈਂਦੀ ਹੈ ਪਰੰਤੂ ਰਹੱਸਵਾਦੀ ਸੰਤ ਫਕੀਰ, ਇਸ ਸਤਿ ਦੀ ਅਨੁਭੂਤੀ ਆਪਣੇ ਅੰਦਰ ਇਉਂ ਕਰਦੇ ਹਨ ਜਿਵੇਂ ਕਿ ਉਨ੍ਹਾਂ ਦਾ ਉਸ ਨਾਲ ਕੋਈ ਵਿਅਕਤੀਗਤ ਸਬੰਧ ਹੁੰਦਾ ਹੈ। ਪੱਛਮੀ ਵਿਦਵਾਨ ਪਲੀਡਰ ਦਾ ਇਹ ਕਥਨ ਬਿਲਕੁਲ ਹਕੀਕਤ ਦੇ ਨੇੜੇ ਜਾਪਦਾ ਹੈ ਕਿ ਇਹ ਅਨੁਭਵ ਇਕ ਤਰ੍ਹਾਂ ਰੂਹ ਤੇ ਰੱਬ ਦੀ ਏਕਤਾ ਦੀ ਪ੍ਰਤੱਖ ਚੇਤਨਾ ਹੈ, ਇਹ ਕੋਈ ਭਰਮ-ਭੁਲੇਖਾ ਨਹੀਂ ਬਲਕਿ ਇਕ ਸਚਾਈ ਹੈ ਜੋ ਸਾਡੀ ਆਤਮਾ ਆਪਣੇ ਮਹਿਬੂਬ ਪਰਮਾਤਮਾ ਨੂੰ ਮਿਲ ਕੇ ਮਹਿਸੂਸ ਕਰਦੀ ਹੈ। ਇਹ ਅੰਦਰੋਂ ਅੰਦਰੀਂ ਮਾਣਿਆ ਜਾਣ ਵਾਲਾ ਅਤਿ ਮਧੁਰ ਮਹਾਂ ਰਸ ਹੈ, ਜਿਸ ਦੇ ਮੁਕਾਬਲੇ ਤੇ ਕੋਈ ਹੋਰ ਚੀਜ਼

---

* 'Mysticism is the art of inner adjustment by man apprehends the universe as a whole instead of its particular parts.' (Mysticism, Theory and art)
-Dr. Radha Kamal Mukerjee, P. 12

ਵਧੇਰੇ ਮਿੱਠੀ ਨਹੀਂ। ਬਾਬਾ ਫਰੀਦ ਇਕ ਪੰਜਾਬੀ ਸੂਫ਼ੀ ਸੰਤ ਹੈ, ਇਸ ਕਰਕੇ ਉਹ ਇਥੋਂ ਦੇ ਲੋਕਾਂ ਦੀਆਂ ਆਮ ਜਾਣੀਆਂ-ਪਛਾਣੀਆਂ ਚੀਜ਼ਾਂ ਗਿਣ ਕੇ ਕਹਿੰਦੇ ਹਨ ਕਿ ਰੱਬ ਦੀ ਮਧੁਰਤਾ ਨੂੰ ਕੋਈ ਵੀ ਨਹੀਂ ਪਹੁੰਚ ਸਕਦਾ।

'ਫਰੀਦਾ ਸ਼ਕਰ ਖੰਡ ਨਿਵਾਤ ਗੁੜ, ਮਾਖਿਉਂ ਮਾਞਾ ਦੁਧ
ਸਭੇ ਵਸਤੂ ਮਿਠੀਆਂ, ਰਬ ਨ ਪੁਜਨਿ ਤੁਧ।'੨੭।

ਇਕ ਥਾਂ ਹੋਰ ਕਿਹਾ ਹੈ ਕਿ ਰੱਬ ਦਾ ਸੁਆਦ ਪੱਕੀਆਂ ਖਜੂਰਾਂ ਵਰਗਾ ਹੈ, ਮਾਨੋ ਇਹ ਤਾਂ ਇਕ ਸ਼ਹਿਦ ਦੀ ਵਗਦੀ ਨਦੀ ਹੈ ਜਿਸ ਦਾ ਪਾਰਾਵਾਰ ਨਹੀਂ :-

'ਰੱਬ ਖਜੂਰੀ ਪਕੀਆਂ, ਮਾਖਿਉਂ ਨਈ ਵਹੰਨਿ।'੮੯।

ਹੁਣ ਫਰੀਦ ਦਾ ਇਹ ਮਧੁਰ ਅਨੁਭਵ ਇਕ ਰੂਹਾਨੀ ਅਨੁਭਵ ਹੈ, ਜਿਸ ਨਾਲ ਉਸ ਦੀ ਸਮੁੱਚੀ ਸ਼ਖਸੀਅਤ ਸ਼ੱਕਰਗੰਜ ਹੋ ਨਿਬੜਦੀ ਹੈ। ਉਹ ਇਤਨਾ ਹਰਮਨ ਪਿਆਰਾ ਮਹਾਂਪੁਰਸ਼ ਬਣ ਜਾਂਦਾ ਹੈ ਕਿ ਉਸ ਦੇ ਲਈ ਕੋਈ ਪਰਾਇਆ ਨਹੀਂ ਰਹਿ ਜਾਂਦਾ, ਸਭ ਉਸ ਨੂੰ ਪਿਆਰਦੇ ਤੇ ਉਹ ਸਭ ਨੂੰ ਪਿਆਰਦਾ ਹੈ, ਇਹ ਇਕ ਸੱਚੇ ਰਹੱਸਵਾਦੀ ਦਾ ਪ੍ਰਗਟ ਲੱਛਣ ਹੈ। ਲੇਕਿਨ ਕੋਈ ਵੀ ਅਧਿਆਤਮਵਾਦੀ ਇਸ ਮੰਜ਼ਲ ਤੇ ਪਹੁੰਚਕੇ ਇਹ ਨਹੀਂ ਕਹਿੰਦਾ ਕਿ ਇਹ ਮੇਰੀ ਪ੍ਰਾਪਤੀ ਹੈ, ਜਾਂ ਮੇਰੀ ਸਾਧਨਾ ਦਾ ਫਲ ਹੈ, ਉਹ ਸਭ ਕੁਝ ਆਪਣੇ ਮਹਿਬੂਬ ਦੀ ਦਾਤ ਮੰਨਦਾ ਹੈ ਜੋ ਉਸ ਨੂੰ ਮੁਹੱਬਤ ਦੇ ਸਦਕੇ ਮਿਲੀ ਹੈ ਤੇ ਇਸ ਪ੍ਰੀਤਿ ਤੋਂ ਸੱਖਣਾ ਤਾਂ ਉਹ ਇਕ ਪਲ ਵੀ ਨਹੀਂ ਰਹਿ ਸਕਦਾ -

'ਅੱਜ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਇ।
ਜਾਇ ਪੁਛਹੁ ਡੋਹਾਗਣੀ, ਤੁਮ ਕਿਉਂ ਰੈਣਿ ਵਿਹਾਇ।'

ਸੱਚੇ ਰੂਹਾਨੀ ਬੰਦਿਆਂ ਦੀ ਅਵਸਥਾ ਇਉਂ ਅੰਕਿਤ ਕੀਤੀ ਗਈ ਹੈ :-

'ਦਿਲਹੁ ਮੁਹਬਤਿ ਜਿੰਨ, ਸੇਈ ਸਚਿਆ
ਜਿਨ ਮਨਿ ਹੋਰ ਮੁਖਿ ਹੋਰੁ, ਸਿ ਕਾਂਢੇ ਕਚਿਆ।੧।
ਰਤੇ ਇਸ਼ਕ ਖੁਦਾਇ, ਰੰਗ ਦੀਦਾਰ ਕੇ
ਵਿਸਰਿਆ ਜਿਨ ਨਾਮੁ, ਤੇ ਭੁਇੰ ਭਾਰ ਥੀਏ।੨।
ਆਪਿ ਲੀਏ ਲੜਿ ਲਾਇ, ਦਰਿ ਦਰਵੇਸ਼ ਸੇ।
ਤਿਨ ਧੰਨ ਜਣੇਦੀ ਮਾਉ, ਆਏ ਸਫ਼ਲ ਸੇ। (ਆਸਾ)

ਜੇ ਅਸੀਂ ਭਾਰਤੀ ਸਾਹਿਤ ਦਾ ਅਧਿਐਨ ਕਰੀਏ ਤਾਂ ਫਰੀਦਬਾਣੀ ਤੋਂ ਪਹਿਲਾਂ ਸਿੱਧ-ਬਾਣੀ ਮੌਜੂਦ ਸੀ, ਜੋਗੀ ਲੋਕ ਕਿੰਗਰੀ ਵਜਾ ਕੇ ਉਸ ਨੂੰ ਕਿਤੇ ਕਿਤੇ ਗਾਉਂਦੇ ਸੁਣਾਉਂਦੇ ਵੀ ਸਨ ਪਰੰਤੂ ਉਸ ਵਿਚ ਫਰੀਦ ਵਾਲੇ ਮਧੁਰ ਰਸ ਦਾ ਅਭਾਵ ਸੀ। ਇਸ ਦਾ ਕਾਰਣ ਸਿਧਾਂਤਕ ਸੀ, ਚੂੰਕਿ ਸਿੱਧ ਸੂੰਨਵਾਦੀ ਸਨ। ਉਨ੍ਹਾਂ ਦੀ ਰਚਨਾ ਦਾ ਕੋਈ ਪ੍ਰੇਮ-ਨਾਇਕ ਨਹੀਂ ਸੀ, ਇਸ ਲਈ ਸਨੇਹ ਤੇ ਸੁਹਿਰਦਤਾ ਦੀ ਅਣਹੋਂਦ ਉਨ੍ਹਾਂ ਦੀ ਰਚਨਾ ਨੂੰ ਰਸਵੰਤ ਤੇ ਰਮਣੀਕ ਨਹੀਂ ਸੀ ਬਣਨ ਦਿੰਦੀ! ਉਹ ਨ ਪ੍ਰਭੂ-ਸਨੇਹੀ ਸਨ ਤੇ ਨਾ ਹੀ ਲੋਕ-ਸਨੇਹੀ। ਨ ਉਨ੍ਹਾਂ ਨੂੰ ਪ੍ਰਕ੍ਰਿਤੀ ਵਾਲੇ ਦਾ ਪਿਆਰ ਸੀ ਤੇ ਨਾ ਹੀ ਪ੍ਰਕ੍ਰਿਤੀ ਦਾ। ਇਕ ਤਰ੍ਹਾਂ ਉਨ੍ਹਾਂ ਦਾ ਕਾਦਰ ਤੇ ਕੁਦਰਤਿ ਦੋਹਾਂ ਨਾਲ ਅਨਜੋੜ ਸੀ। ਸੋ ਇਸ ਬੰਜਰ ਭੋਂ ਵਿਚ ਰਸ ਧਾਰਾ ਫੁਟਣਾ ਜਾਂ ਕਿਸੇ ਗੁਲਜ਼ਾਰ ਦੀ ਆਸ ਕਰਨਾ ਅਸੰਭਵ ਸੀ। ਇਹੋ ਕਾਰਨ ਹੈ ਕਿ ਸਿੱਧਾਂ ਜੋਗੀਆਂ ਦੀ ਬਾਣੀ ਵਿਚ ਅਧਿਆਤਮਕ ਰਸ ਦਾ ਸੰਚਾਰ ਨਹੀਂ ਹੋਇਆ, ਜੇਹਾ ਕਿ ਪਿਛੋਂ ਸੰਤਾਂ ਤੇ ਸੂਫ਼ੀਆਂ ਦੇ ਕਲਾਮ ਵਿਚ ਹੋਇਆ।

ਭਾਵੇਂ ਫ਼ਰੀਦ ਤੋਂ ਪਹਿਲਾਂ ਵੀ ਕਈ ਸੰਤਾਂ ਫ਼ਕੀਰਾਂ ਬਾਣੀ ਰਾਹੀਂ ਆਪਣੇ ਰੂਹਾਨੀ ਅਨੁਭਵ ਨੂੰ ਬਿਆਨ ਕੀਤਾ ਸੀ ਪਰ ਉਹ ਸਭ ਕੁਝ ਸਾਡੇ ਤਕ ਨਹੀਂ ਪਹੁੰਚ ਸਕਿਆ। ਸ਼ੇਖ ਫਰੀਦ ਜੀ ਦੀ ਬਾਣੀ ਤਾਂ ਸਾਨੂੰ ਮਿਲ ਸਕੀ ਕਿਉਂਕਿ ਗੁਰੂਆਂ ਇਸ ਵਿਚ ਵਿਸ਼ੇਸ਼ ਦਿਲਚਸਪੀ ਲਈ ਤੇ ਇਸ ਦੀ ਸੰਭਾਲ ਕੀਤੀ। ਨਹੀਂ ਤਾਂ ਆਮ ਤੌਰ ਤੇ ਉਸ ਸਮੇਂ ਦੇ ਮੁਸਲਮ ਵਿਦਵਾਨ ਵਧੇਰੇ ਅਰਬੀ, ਫਾਰਸੀ ਨੂੰ ਹੀ ਮਹੱਤਵ ਦਿੰਦੇ ਸਨ ਤੇ ਇਨ੍ਹਾਂ ਦੀ ਹੀ ਸਾਂਭ ਕਰਦੇ ਸਨ। ਲੇਕਿਨ ਜਿਨ੍ਹਾਂ ਫਕੀਰਾਂ ਦਾ ਸੰਪਰਕ ਆਮ ਲੋਕਾਂ ਨਾਲ ਸੀ, ਇਸ ਕਰਕੇ ਉਹ ਦੇਸੀ ਭਾਸ਼ਾਵਾਂ ਦੇ ਪ੍ਰਯੋਗ ਦੁਆਰਾ ਹੀ ਲੋਕਾਂ ਦੇ ਦਿਲਾਂ ਵਿਚ ਪਹੁੰਚਦੇ ਸਨ ਤੇ ਬਾਬਾ ਫਰੀਦ ਨੇ ਐਸਾ ਹੀ ਕੀਤਾ। ਕੁਰਾਨ ਸ਼ਰੀਫ ਵਿਚ ਆਇਆ ਹੈ, "ਮੈਂ ਜਦ ਕਦੀ ਆਪਣੇ ਰਸੂਲ ਨੂੰ ਭੇਜਦਾ ਹਾਂ, ਉਹ ਉਨ੍ਹਾਂ ਲੋਕਾਂ ਦੀ ਜ਼ਬਾਨ ਵਿਚ ਹੀ ਉਨ੍ਹਾਂ ਨੂੰ ਸਮਝਾਉਂਦਾ ਹੈ।' ਅਸਲ ਲਫ਼ਜ਼ ਹਨ :-

'ਵ ਮਾ ਅਰਸਲਨਾ ਮਿੱਰਸੂਲਿਨ
ਇੱਲਾ ਬਿਲਿਸਾਨੇ ਕੌਮਿ ਹੀਲਿਯੁਬੱਯਿਨਾਲ ਹੁਮ।'

ਇਸ ਤਰ੍ਹਾ ਬਾਬਾ ਫ਼ਰੀਦ ਨੇ ਅਧਿਆਤਮਕਤਾ ਦੇ ਗੂੜ੍ਹੇ ਰਹੱਸ ਆਪਣੇ ਅਨੁਭਵ ਦੁਆਰਾ ਸਿਧੀ ਸਾਦੀ ਪੰਜਾਬੀ ਬੋਲੀ ਵਿਚ ਗਾਏ ਤੇ ਥਾਂ ਥਾਂ ਫੈਲਾਏ।

ਜਿਸ ਤਰ੍ਹਾਂ ਉਨ੍ਹਾਂ ਰੂਹਾਨੀ ਜੀਵਨ ਦੀ ਮਹਿਮਾ ਲਿਖੀ ਹੈ, ਅਜੋਕੇ ਯੁਗ ਦਾ ਮਨੁੱਖ ਉਸ ਨੂੰ ਸਹਿਜੇ ਸਹਿਜੇ ਪਰਵਾਣ ਕਰਨ ਲਈ ਤਿਆਰ ਨਹੀਂ। ਸਗੋਂ ਕਈ ਤਾਂ ਇਹ ਕਿੰਤੂ ਕਰਦੇ ਹਨ ਕਿ ਫ਼ਰੀਦ ਨੇ ਸੰਸਾਰ ਦੀ ਨਾਸ਼ਮਾਨਤਾ ਤੇ ਮੌਤ ਦੀ ਭਯਾਨਕਤਾ ਉਤੇ ਵਧੇਰੇ ਜ਼ੋਰ ਦੇ ਕੇ ਨਿਰਾਸ਼ਾਵਾਦ ਦਾ ਵਾਤਾਵਰਣ ਪੈਦਾ ਕੀਤਾ ਹੈ, ਇਹ ਇਤਰਾਜ਼ ਠੀਕ ਨਹੀਂ।

ਅਸਲੀਅਤ ਇਹ ਹੈ ਕਿ ਅਧਿਆਤਮਕ ਸੱਤਿਤਾ ਦਰਸਾਉਣ ਲਈ ਸੰਸਾਰਕ ਅਸੱਤਿਤਾ ਦਾ ਅਹਿਸਾਸ ਕਰਾਉਣਾ ਬਹੁਤ ਜ਼ਰੂਰੀ ਸੀ। ਇਸ ਕਰਕੇ ਫਕੀਰ ਪਰਮ ਸਤਿ ਦੇ ਮੁਕਾਬਲੇ ਉਤੇ ਜਗਤ ਦੇ ਪਦਾਰਥਾਂ ਦੀ ਅਸੱਤਿਤਾ ਪਹਿਲਾਂ ਪੇਸ਼ ਕਰਦਾ ਹੈ ਤਾਂ ਕਿ ਜਗਿਆਸੂ ਉਸ ਲਈ ਸਾਵਧਾਨ ਹੋਵੇ। ਫਰੀਦ ਨੇ ਜਿਸ ਰੂਹਾਨੀ ਰਸ ਨੂੰ ਮਾਣਿਆ ਸੀ, ਉਸ ਨੂੰ ਉਹ ਅਤਿ ਸੁਆਦਿਸ਼ਟ ਤੇ ਮਿਠਾ ਮਨੋਹਰ ਕਹਿ ਕੇ ਵਰਣਨ ਕਰਦਾ ਹੈ ਲੇਕਿਨ ਨਾਲ ਹੀ ਜਿਨ੍ਹਾਂ ਪਦਾਰਥਾਂ ਦਾ ਰਸ ਫ਼ਿੱਕਾ ਤੇ ਜ਼ਹਿਰੀਲਾ ਨਿਕਲਿਆ, ਉਹ ਉਨ੍ਹਾਂ ਦੇ ਅੰਤ ਬਾਰੇ ਵੀ ਸਾਨੂੰ ਸੁਚੇਤ ਕਰਦਾ ਹੈ।

'ਦੇਖ਼ ਫ਼ਰੀਦਾ ਜਿ ਥੀਆ, ਸ਼ਕਰ ਹੋਈ ਵਿਸੁ
ਸਾਈਂ ਬਾਝਹੁ ਆਪਣੇ, ਵੇਦਣ ਕਹੀਐ ਕਿਸੁ।੧੦।
'ਫਰੀਦਾ ਇਹ ਵਿਸ ਗੰਦਲਾਂ, ਧਰੀਆਂ ਖੰਡ ਲਿਵਾੜਿ
ਇਕ ਰਾਹੇਦੇ ਰਹਿ ਗਏ, ਇਕ ਰਾਧੀ ਗਏ ਉਜਾੜਿ।੩੭।'

ਇਸ ਤਰ੍ਹਾਂ ਉਸ ਸੰਸਾਰਕ ਐਸ਼ ਆਰਾਮ ਨੂੰ ਛੁਟਿਆ ਕੇ ਦੱਸਿਆ ਤੇ ਸਿਰ ਉਤੇ ਵਜਦੇ ਮੌਤ ਦੇ ਨਗਾਰੇ ਵਲ ਮਨੁੱਖ ਦਾ ਬਾਰ ਬਾਰ ਧਿਆਨ ਦਿਵਾਇਆ ਤਾਂ ਕਿ ਉਹ ਇਸ ਭੈ ਨਾਲ ਹੀ ਸੁਰਤਿ ਜਗਾਵੇ ਤੇ ਸਹੀ ਪਾਸੇ ਵਲ ਕਦਮ ਵਧਾਵੇ।

'ਪਾਸਿ ਦਮਾਮੇ ਛਤੁ ਸਿਰਿ, ਭੇਰੀ ਸਡੋ ਰਡੁ
ਜਾਇ ਸੁਤੇ ਜੀਰਾਣ ਮਹਿ, ਥੀਏ ਅਤੀਮਾ ਗਡੁ।੪੫।
ਫਰੀਦਾ ਕੋਠੇ ਮੰਡਪ ਮਾੜੀਆ, ਉਸਾਰੇਦੇ ਭੀ ਗਏ
ਕੂੜਾ ਸਉਦਾ ਕਰਿ ਗਏ, ਗੋਰੀਂ ਆਇ ਪਏ।੪੬।
ਫਰੀਦਾ ਖਿੰਥੜਿ ਮੇਖਾਂ ਅਗਲੀਆ, ਜਿੰਦੁ ਨ ਕਾਈ ਮੇਖ
ਵਾਰੀ ਆਪੋ ਆਪਣੀ, ਚਲੇ ਮਸਾਇਕ ਸ਼ੇਖ।੪੭।

ਇਹ ਪਦਾਰਥਕ ਨਿਰਾਰਥਕਤਾ ਦਰਸਾਉਣਾ ਤੇ ਮੌਤ ਦੀ ਯਾਦ ਕਰਾਉਣਾ ਇਸ ਲਈ ਵੀ ਜ਼ਰੂਰੀ ਹੋ ਗਿਆ ਸੀ ਕਿ ਜ਼ਮਾਨੇ ਦੇ ਬਾਦਸ਼ਾਹ, ਨਵਾਬ, ਅਹਿਲਕਾਰ, ਅਮੀਰ ਵਜ਼ੀਰ, ਫੌਜਦਾਰ ਤੇ ਸਰਦਾਰ ਸਭੇ ਐਸ-ਪ੍ਰਸਤੀ ਦਾ ਸ਼ਿਕਾਰ ਸਨ। ਗਰੀਬ ਹਿੰਦੂ ਜਨਤਾ ਉਂਜ ਦਲੀ-ਮਲੀ ਦੀ ਸੀ ਤੇ ਮੁਸਲਿਮ ਹਮਲਾਵਰ ਰਾਜ ਭਾਗ ਪਾ ਕੇ ਅਹੰਕਾਰ ਦੀ ਟੀਸੀ ਉਤੇ ਚੜ੍ਹੇ ਹੋਏ ਸਾਰੇ ਧਨ ਪਦਾਰਥਾਂ ਤੇ ਕਬਜ਼ਾ ਕਰੀ ਜਾ ਰਹੇ ਸਨ ਅਤੇ ਸਮਾਜ ਦੀ ਦਸ਼ਾ ਅਤਿ ਤਰਸਯੋਗ ਸੀ :-

ਇਕਨਾ ਆਟਾ ਅਗਲਾ, ਇਕਨ੍ਹਾ ਨਾਹੀ ਲੋਣ
ਅਗੇ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣ।44।

ਇਹੋ ਮਨੁੱਖ ਦੀ ਭੁੱਲ ਸੀ ਕਿ ਉਹ ਅਸਤਿ ਨੂੰ ਸਤਿ ਸਮਝ ਕੇ ਤੇ ਰਸਹੀਨ ਨੂੰ ਰਸਵੰਤ ਮੰਨ ਕੇ ਲੰਪਟ ਹੋ ਰਿਹਾ ਸੀ। ਬਿਜੌਰੀ ਦਾਖਾਂ ਦਾ ਰਸ ਲੈਣਾ ਚਾਹੁੰਦਾ ਸੀ, ਬਿਜਾਈ ਕੰਡਿਆਲੀ ਕਿੱਕਰਾਂ ਦੀ ਕਰਦਾ ਸੀ ਪਰ ਉੱਨ ਨੂੰ ਭਾਵੇਂ ਕਈ ਵਾਰ ਕੱਤੀਏ ਪੱਟ ਤਾਂ ਨਹੀਂ ਬਣ ਜਾਂਦੀ। ਇਹੋ ਹਾਲ ਉਸ ਸਮੇਂ ਦੇ ਹਾਕਮ ਲੋਕਾਂ ਦਾ ਸੀ। ਮਜੀਠੀ ਰੰਗ ਰੱਬੀ ਇਸ਼ਕ ਸੀ ਤੇ ਸੰਸਾਰੀ ਰੰਗ ਰੂਪ ਕਸੁੰਭੜਾ, ਫ਼ਰੀਦ ਨੇ ਇਸ ਤੋਂ ਬਚਣ ਦੀ ਬਾਰ ਬਾਰ ਤਾਕੀਦ ਕੀਤੀ :-

ਹਥ ਨ ਲਾਇ ਕੁਸੰਭੜੈ, ਜਲਿ ਜਾਸੀ ਢੋਲਾ। (ਆਸਾ)

ਸੋ ਜੇ ਇਸ ਦਰਵੇਸ਼ ਬਾਬੇ ਨੇ ਉਨ੍ਹਾਂ ਨੂੰ ਇਹ ਚੇਤਨਾ ਕਰਾਈ ਕਿ ਦੁਨੀਆਵੀ ਪਦਾਰਥਾਂ ਦੇ ਮੁਕਾਬਲੇ ਤੇ ਰੱਬ ਦਾ ਰੂਹਾਨੀ ਰਸ ਵਧੇਰੇ ਅਨੰਦ ਦਾਇਕ ਹੈ ਤੇ ਇਹ ਪਦਾਰਥ ਅੰਤ ਕੌੜੇ ਨਿਕਲਣ ਵਾਲੇ ਹਨ ਤਾਂ ਇਹ ਕੋਈ ਅਨੁਚਿਤ ਗੱਲ ਨਹੀਂ ਸੀ। ਮਨੁੱਖ ਦੁਨਿਆਵੀ ਚਿਕੜ ਵਿਚ ਫਸਿਆ ਹੋਇਆ ਸੀ ਤੇ ਫਰੀਦ ਇਹ ਸਮਝਾ ਰਿਹਾ ਸੀ ਕਿ ਜੇ ਭਾਈ

ਜਲ ਸੂੱਛ ਪਾਨ ਕਰਨਾ ਹੈ ਤਾਂ ਵਗਦੇ ਦਰਿਆ ਵਲ ਆ, ਕਿਉਂ ਛਪੜੀਆਂ ਵਿਚ ਟੱਕਰਾਂ ਮਾਰ ਰਿਹਾ ਹੈਂ। ਇਹ ਖੁਸ਼ੀ ਤੇ ਅਨੰਦ ਦਾ ਦਰਿਆ ਰੱਬ ਸੀ, ਇਹੋ ਰੂਹਾਨੀਅਤ ਦਾ ਚਸ਼ਮਾ ਸਭ ਦੀ ਪਿਆਸ ਬੁਝਾ ਸਕਦਾ ਸੀ :-

ਫਰੀਦਾ ਸੋਈ ਸਰਵਰੁ ਢੂੰਢਿ ਲਹੁ, ਜਿਥਹੁ ਲਭੀ ਵਥੁ
ਛਪੜਿ ਢੂੰਢੈ ਕਿਆ ਹੋਵੈ, ਚਿਕੜਿ ਡੁਬੈ ਹਥੁ।੫੩।

ਫਰੀਦ ਦਾ ਸਦਾਚਾਰ -

ਅਧਿਆਤਮਕ-ਕਾਵਿ ਜਿਥੇ ਰੱਬੀ ਵਿਸ਼ਵਾਸ ਨੂੰ ਪਰਿਪੱਕ ਕਰਦਾ ਹੈ, ਉਥੇ ਸਦਾਚਾਰਕ ਸਿਖਿਆ ਨਾਲ ਜੀਵਨ ਨੂੰ ਵਿਕਸਿਤ ਵੀ ਕਰਦਾ ਹੈ। ਸਾਹਿਤ ਦਾ ਮਨੋਰਥ ਸ੍ਰੇਸ਼ਟ ਜ਼ਿੰਦਗੀ ਦੀ ਸਿਰਜਣਾ ਹੈ, ਇਸ ਕਰਕੇ ਕੋਈ ਕਾਵਿ ਭਾਵੇਂ ਸਿੱਧਾ ਸਿਖਿਆ ਨ ਵੀ ਦਿੰਦਾ ਹੋਵੇ, ਉਸ ਦਾ ਪ੍ਰਭਾਵ ਸਦਾ ਸਦਾਚਾਰਕ ਉੱਚਤਾ ਦ੍ਰਿੜਾਉਣਾ ਹੁੰਦਾ ਹੈ। ਰਸਕਿਨ ਚਾਹੁੰਦਾ ਸੀ ਕਿ ਸ੍ਰੇਸ਼ਟਤਾ ਨੂੰ ਸਦਾ ਉਜਾਗਰ ਕਰਕੇ ਦਰਸਾਇਆ ਜਾਵੇ ਤਾਂ ਹੀ ਕਲਾ ਸਕਾਰਥੀ ਹੁੰਦੀ ਹੈ। ਐਚ. ਜੀ. ਵੈਲਜ਼ ਦਾ ਵੀ ਇਹੋ ਵਿਚਾਰ ਹੈ ਕਿ ਸਾਹਿਤਕਾਰ ਸੰਸਾਰ ਨੂੰ ਪਹਿਲਾਂ ਨਾਲੋਂ ਚੰਗੇਰਾ ਬਣਾਉਣ ਦਾ ਉਪਰਾਲਾ ਕਰੇ। ਇਹ ਤਾਂ ਹੀ ਸੰਭਵ ਹੈ, ਜੇਕਰ ਸਦਾਚਾਰ ਨੂੰ ਇਤਨਾ ਆਕਰਸ਼ਕ ਬਣਾ ਕੇ ਪੇਸ਼ ਕੀਤਾ ਜਾਵੇ ਕਿ ਉਸ ਦਾ ਸਭ ਕੋਈ ਕਾਇਲ ਹੁੰਦਾ ਜਾਵੇ। ਇਹੋ ਕਾਰਣ ਹੈ ਕਿ ਟੀ. ਐਸ. ਇਲੀਅਟ ਵਰਗੇ ਸੁਘੜ ਵਿਦਵਾਨ-ਕਾਵਿ ਵਿਚ ਸਦਾਚਾਰਕ ਕੀਮਤਾਂ ਦਾ ਵਿਸ਼ੇਸ਼ ਮਹੱਤਵ ਮੰਨਦੇ ਹਨ ਜਦੋਂ ਕਿ ਅਜ ਦੇ ਨਵੇਂ ਭੌਂਦੂ ਸਾਰੇ ਭਾਂਡੇ ਭੰਨ ਕੇ ਰਾਜ਼ੀ ਹਨ। ਉਹ ਕਹਿੰਦੇ ਹਨ ਕਿ ਸਦਾਚਾਰ ਕੋਈ ਸਦੈਵੀ ਚੀਜ਼ ਨਹੀਂ, ਇਹ ਤਾਂ ਸਮੇਂ ਸਮੇਂ ਦੀ ਮਰਯਾਦਾ ਹੈ ਪਰ ਇਹ ਗੱਲ ਠੀਕ ਨਹੀਂ।

ਸਦਾਚਾਰ ਦੇ ਮੂਲ ਸਿਧਾਂਤ ਅਜਿਹੇ ਮਾਣਕ ਮੋਤੀ ਹਨ ਜਿਨ੍ਹਾਂ ਦੀ ਹਮੇਸ਼ਾ ਕਦਰ ਕਰਨੀ ਚਾਹੀਦੀ ਹੈ ਕਿਉਂਕਿ ਇਹ ਮਨੁੱਖੀ ਸਭਿਅਤਾ ਦੀ ਹਜ਼ਾਰਾਂ ਵਰ੍ਹਿਆਂ ਦੀ ਕਮਾਈ ਦਾ ਫਲ ਹੈ। ਮਿਸਾਲ ਲਈ ਸਭਿਅਤਾ ਨੇ ਮਨੁੱਖ ਨੂੰ ਬਾਰ ਬਾਰ ਇਹ ਸਿਖਾਇਆ ਹੈ :-

੧. ਕਿਸੇ ਦਾ ਤਨ ਮਨ ਨ ਦੁਖਾਓ (ਹਿੰਸਾ)

੨. ਕਿਸੇ ਦਾ ਰੂਪ ਤੇ ਜਤ ਸਤ ਨ ਚੁਰਾਓ (ਵਿਭਚਾਰ)

੩. ਕਿਸੇ ਦਾ ਧਨ ਮਾਲ ਨ ਚੁਰਾਓ (ਚੋਰੀ)

੪. ਕਿਸੇ ਤੋਂ ਅਸਲੀਅਤ ਨ ਛੁਪਾਓ (ਝੂਠ)

੫. ਕਿਸੇ ਨਾਲ ਛਲ ਕਪਟ ਨ ਕਮਾਓ (ਬੇਈਮਾਨੀ)

੬. ਦੂਜੇ ਨਾਲ ਉਜੇਹਾ ਵਰਤਾਰਾ ਵਰਤਾਓ ਜੇਹਾ ਕਿ ਤੁਸੀਂ ਖ਼ੁਦ ਆਪਣੇ ਲਈ ਚਾਹੁੰਦੇ ਹੋ।

੭. ਨਸ਼ਿਆਂ ਤੋਂ ਆਪਣਾ ਆਪ ਬਚਾਓ। (ਆਦਿ)

ਕ੍ਰੋਧ ਵਾਲਾ ਕਿਸੇ ਦੀ ਜਾਨ ਲੈਂਦਾ ਹੈ, ਕਾਮ ਦਾ ਸ਼ਿਕਾਰ ਬਿਗਾਨਾ ਰੂਪ ਚੁਰਾਉਂਦਾ ਹੈ, ਲੋਭੀ ਬਿਗਾਨਾ ਮਾਲ ਲੁਟਦਾ ਹੈ, ਅਹੰਕਾਰੀ ਹਰੇਕ ਨੂੰ ਡਰਾ ਧਮਕਾ ਕੇ ਤੰਗ ਕਰਦਾ ਤੇ ਨੀਚਾ ਦਿਖਾਉਂਦਾ ਹੈ ਤੇ ਮੋਹ ਵਿਚ ਗ਼ਲਤਾਨ ਇਨਸਾਨ ਦੂਜੇ ਦਾ ਸੁਆਰਥ ਦੇਖਦਾ ਹੀ ਨਹੀਂ। ਇਸ ਕਰਕੇ ਭਾਰਤੀ ਸੰਸਕ੍ਰਿਤੀ ਨੇ ਇਹਨਾਂ ਪੰਜਾਂ ਨੂੰ ਮੂਲ ਵਿਕਾਰ ਜਾਂ ਰੋਗ ਕਿਹਾ ਹੈ ਤੇ ਸਦਾ ਇਨ੍ਹਾਂ ਤੋਂ ਬਚਣ ਦੀ ਤਾਕੀਦ ਕੀਤੀ ਹੈ। ਅੱਜ ਵੀ ਕੋਈ ਫ਼ਰਕ ਨਹੀਂ ਪਿਆ। ਮਨੁੱਖ ਦੀ ਅਧੋਗਤੀ ਦਾ ਕਾਰਣ ਇਹੋ ਪੰਜ ਵਿਕਾਰ ਹਨ। ਇਸਲਾਮ ਇਨ੍ਹਾਂ ਨੂੰ ਸ਼ੈਤਾਨ ਦੇ ਹਥਿਆਰ ਦਸਦਾ ਹੈ। ਸੋ ਜੋ ਇਨ੍ਹਾਂ ਦੇ ਢਹੇ ਚੜ੍ਹ ਜਾਵੇ ਉਸਦੀ ਖੈਰ ਨਹੀਂ।

ਫਰੀਦਾ ਕੂਕੇਂਦਿਆ ਚਾਂਗੇਂਦਿਆਂ, ਮਤੀਂ ਦੇਦਿਆਂ ਨਿਤ
ਜੋ ਸ਼ੈਤਾਨ ਵੰਞਾਇਆ, ਸੇ ਕਿਤ ਫੇਰਹਿ ਚਿਤ।੧੫।

ਸਦਾਚਾਰ ਦਾ ਮੰਤਵ ਜੀਵਾਂ ਵਿਚਕਾਰ ਸਮਾਨਤਾ ਤੇ ਇਕਸੁਰਤਾ ਲਿਆ ਕੇ ਪ੍ਰਸੰਨਤਾ ਪੈਦਾ ਕਰਨਾ ਹੈ, ਇਹ ਸੰਜਮ ਦੀ ਜੁਗਤਿ ਨਾਲ ਹੀ ਸੰਭਵ ਹੈ। ਬੇਲਗਾਮ ਜਜ਼ਬਿਆਂ ਨੂੰ ਜ਼ਬਤ ਵਿਚ ਰਖ ਕੇ ਹੀ ਸੰਤੁਲਿਤ ਜੀਵਨ ਤਿਆਰ ਕੀਤਾ ਜਾ ਸਕਦਾ ਹੈ। ਮੁਸਲਿਮ ਹਾਕਮਾਂ ਪਾਸ ਰਾਜ-ਸੱਤਾ ਆਉਣ ਕਰ ਕੇ ਅਹੰਕਾਰ ਇਤਨਾ ਵੱਧ ਗਿਆ ਸੀ ਕਿ ਹੋਰਾਂ ਨੂੰ ਕੁਛ ਵੀ ਨਹੀਂ ਸੀ ਸਮਝਦੇ। ਲੋਕਾਂ ਦਾ ਲਹੂ ਵੀਟਣਾ ਤੇ ਜਾਨ ਮਾਲ ਲੁੱਟਣਾ ਜਾਇਜ਼ ਮੰਨਣ ਲਗ ਪਏ ਸਨ। ਹਾਲਾਂਕਿ ਕਿਸੇ ਧਰਮ ਜਾਂ ਸ੍ਰੇਸ਼ਟਾਚਾਰ ਨੂੰ ਇਹ ਪਰਵਾਣ ਨਹੀਂ। ਕਾਜ਼ੀ ਮੌਲਾਣਿਆਂ ਜ਼ਰੂਰ ਨਵੀਂ 'ਅਚਾਰਸੰਹਿਤਾ' ਬਣਾ ਲਈ ਸੀ ਜਿਸ ਵਿਚ ਇਹ ਦੱਸਿਆ ਜਾਂਦਾ ਸੀ ਕਿ ਕਾਫ਼ਰ ਨੂੰ ਮਾਰਨਾ ਪੁੰਨ ਹੈ ਤੇ ਉਸ ਦਾ ਜਾਨ ਮਾਲ ਲੁੱਟਣਾ ਵੀ ਠੀਕ ਹੈ ਬਸ਼ਰਤਿਕਿ ਇਸ 'ਮਾਲਿ ਗ਼ਨੀਮਤ' ਨੂੰ ਵੰਡ ਲਿਆ ਜਾਵੇ। ਇਸ ਤਰ੍ਹਾਂ ਹਮਲਾਵਰ ਇਸਲਾਮ, ਸਦਾਚਾਰ ਤੋਂ ਪਤਿਤ ਹੋ ਗਿਆ। ਬਾਬਾ ਫਰੀਦ ਇਨਸਾਨੀ ਕੀਮਤਾਂ ਦੇ ਮੁਦੱਈ ਸਨ ਤੇ ਉਹ ਹਮਮਜ਼ਬ ਲੋਕਾਂ ਦੇ ਅਤਿਆਚਾਰਾਂ ਤੇ ਕਠੋਰਤਾ ਤੋਂ ਵੀ ਵਾਕਿਫ ਸਨ। ਇਸ ਕਰ ਕੇ ਉਨ੍ਹਾਂ ਬੜੇ ਪਿਆਰ ਨਾਲ ਸਮਝਾਇਆ ਕਿ ਜਿਨ੍ਹਾਂ ਕੰਮਾਂ ਦਾ ਅੰਤ ਮਾੜਾ ਨਿਕਲਦਾ ਤੇ ਮਨੁੱਖ ਨੂੰ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ, ਉਨ੍ਹਾਂ ਤੋਂ ਤੋਬਾ ਕਰਨਾ ਹੀ ਠੀਕ ਹੈ।

ਫਰੀਦਾ ਜਿਨੀਂ ਕੰਮੀਂ ਨਾਹਿ ਗੁਣ, ਤੇ ਕੰਮੜੇ ਵਿਸਾਰਿ
ਮਤੁ ਸ਼ਰਮਿੰਦਾ ਥੀਵਹੀਂ, ਸਾਈਂ ਦੈ ਦਰਬਾਰਿ।੫੯।

ਫਿਰ ਉਨ੍ਹਾਂ ਗਿਣ ਗਿਣ ਕੇ ਇਹ ਵੀ ਦਸਿਆ ਕਿ ਤਿਲ, ਕਪਾਹ, ਕਮਾਦ, ਕਾਗਜ਼ ਤੇ ਕੋਇਲੇ ਨੂੰ ਕਿੰਨੀ ਸਖਤ ਸਜ਼ਾ ਭੁਗਤਣੀ ਪੈਂਦੀ ਹੈ, ਇਹ ਸਭ ਮੰਦੇ ਆਮਲਾਂ ਦਾ ਸਿੱਟਾ ਹੈ :-

ਫਰੀਦਾ ਵੇਖ ਕਪਾਹੈ ਜਿ ਥੀਆ, ਜੇ ਸਿਰ ਥੀਆ ਤਿਲਾਹ
ਕਮਾਦੈ ਅਰ ਕਾਗਦੈ, ਕੁੰਨੇ ਕੋਇਲਿਆਹ
ਮੰਦੇ ਅਮਲ ਕਰੇਂਦਿਆ ਏਹ ਸਜ਼ਾਇ ਤਿਨਾਹਿ।੪੯।

ਸ਼ੇਖ ਸਾਹਿਬ ਹੋਰ ਅਗੇ ਜਾਂਦੇ ਹਨ, ਜੋ ਕੋਈ ਤੁਹਾਡੇ ਨਾਲ ਬੁਰਾ ਸਲੂਕ ਵੀ ਕਰਦਾ ਹੈ ਤਾਂ ਸੱਚੀ ਇਨਸਾਨੀਅਤ ਦਾ ਤਕਾਜ਼ਾ ਇਹ ਹੈ ਕਿ ਤੁਸੀਂ ਉਸ ਨੂੰ ਨਜ਼ਰੰਦਾਜ਼ ਕਰਕੇ ਭਲਾ ਹੀ ਕਰੋ। ਗੁੱਸਾ ਮਾਰ ਦਿਓ, ਇਸ ਨਾਲ ਤੁਹਾਡਾ ਮਨ ਹੀ ਸ਼ਾਂਤ ਨਹੀਂ ਰਹੇਗਾ, ਬਲਕਿ ਤਨ ਵੀ ਸੁਅਸਥ ਰਹਿ ਸਕੇ ਗਾ ਕਿਉਂਕਿ ਕ੍ਰੋਧ ਤਾਂ ਅੰਦਰ ਦਾ ਲਹੂ ਸਾੜਕੇ ਸਰੀਰ ਨੂੰ ਵੀ ਰੋਗੀ ਬਣਾਉਂਦਾ ਹੈ :-

'ਫ਼ਰੀਦਾ ਬੁਰੇ ਦਾ ਭਲਾ ਕਰਿ: ਗੁਸਾ ਮਨਿ ਹੰਢਾਇ
ਦੇਹੀ ਰੋਗੁ ਨ ਲਗਈ, ਪਲੈ ਸਭ ਕਿਛੁ ਪਾਇ।੭੮।

ਸਮੇਂ ਦੇ ਹਮਲਾਵਰ ਜਾਬਰ ਇਉਂ ਸਨ ਜਿਵੇਂ ਜੰਗਲ ਨੂੰ ਫੂਕ ਕੇ ਕੋਲਾ ਬਣਾਉਣ ਵਾਲਾ ਲੁਹਾਰ, ਲੇਕਿਨ ਫਰੀਦ ਦੀ ਅੱਖ ਉਸ ਸਾਰੇ ਬਣ ਵਿਚ ਆਪਣਾ ਸ਼ਹੁ ਤੱਕ ਰਹੀ ਸੀ। ਇਹ ਕਾਲੀਪੋਸ਼ ਦਰਵੇਸ਼ਾਂ ਤੇ ਸਫੈਦਪੋਸ਼ ਪੱਟੀਮੇਸਾਂ (ਹਾਕਮਾਂ) ਵਿਚ ਫਰਕ ਸੀ :-

ਕੰਧਿ ਕੁਹਾੜਾ ਸਿਰਿ ਘੜਾ, ਵਣਿ ਕੈ ਸਰੁ ਲੋਹਾਰੁ
ਫਰੀਦਾ ਹਉ ਲੋੜੀਂ ਸਹੁ ਆਪਣਾ, ਤੂੰ ਲੋੜਹਿ
ਅੰਗਿਆਰ ।੪੩।

ਇਹ ਈਸਾ ਮਸੀਹ ਨੇ ਉਪਦੇਸ਼ ਦਿਤਾ ਸੀ ਕਿ ਜੇ ਕੋਈ ਤੁਹਾਡੀ ਸੱਜੀ ਗੱਲ੍ਹ ਤੇ ਚਪੇੜ ਮਾਰੇ ਤਾਂ ਖੱਬੀ ਵੀ ਉਸ ਵਲ ਕਰ ਦਿਓ। ਇਹ ਨਸੀਹਤ ਇਸੇ ਸੁਰ ਵਿਚ ਹੈ ਕਿ ਮਾਰਨ ਵਾਲਿਆਂ ਨੂੰ ਮਾਰਨਾ ਨਹੀਂ, ਸਗੋਂ ਪਿਆਰਨਾ ਤੇ ਸਤਿਕਾਰਨਾ ਹੈ :-

ਫਰੀਦਾ ਜੋ ਤੈਂ ਮਾਰਨਿ ਮੁਕੀਆਂ, ਤਿਨਾ ਨ ਮਾਰੇ ਘੁੰਮਿ
ਆਪਨੜੈ ਘਰਿ ਜਾਈਐ, ਪੈਰ ਤਿਨਾਂ ਦੇ ਚੁੰਮਿ।੭।

ਅਖੀਰਲਾ ਸਲੋਕ ਤਾਂ ਰੱਬੀ ਦਰਸ਼ਨ ਲਈ ਸਦਾਚਾਰ ਨੂੰ ਲਾਜ਼ਮੀ ਕਰਾਰ ਦਿੰਦਾ ਸਭ ਦਾ ਭਲਾ ਚਾਹੁੰਦਾ ਹੈ :-

ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ
ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਂ ਦਾ।੧੩੦।

ਸੋ ਜੇ ਰੱਬ ਨੂੰ ਮਿਲਣਾ ਹੀ ਜੀਵਨ ਦਾ ਉੱਚਾ ਮਨੋਰਥ ਹੈ ਤਾਂ ਇਸਦੀ ਇਕ ਜ਼ਰੂਰੀ ਸ਼ਰਤ ਇਹ ਹੈ ਕਿ ਕਿਸੇ ਦਾ ਵੀ ਕਿਸੇ ਤਰ੍ਹਾਂ ਦਿਲ ਨ ਦੁਖਾਇਆ ਜਾਵੇ। ਇਹ ਅਹਿੰਸਾ ਦੀ ਹੱਦ ਹੈ। ਬੁੱਧ ਮਤ ਨੇ ਅਹਿੰਸਾ ਨੂੰ 'ਪਰਮ ਧਰਮ' ਕਿਹਾ ਸੀ, ਜੈਨ ਮਤ ਵਾਲੇ ਕਿਸੇ ਜੀਵ ਨੂੰ ਦੁਖਾਉਣਾ ਬੱਜ੍ਰ ਪਾਪ ਮੰਨਦੇ ਹਨ। ਇਸ ਤਰ੍ਹਾਂ ਤਮਾਮ ਵੈਦਿਕ ਤੇ ਸਾਮੀ ਮਜ਼ਬਾਂ ਦੀ ਤਾਲੀਮ ਦਾ ਸਾਰ ਇਹੋ ਸੀ। ਫਰੀਦ ਸਾਹਿਬ ਨੂੰ ਇਹ ਵਧੇਰੇ ਜ਼ੋਰ ਨਾਲ ਇਸ ਲਈ ਪ੍ਰਚਾਰਨਾ ਪਿਆ ਕਿਉਂਕਿ ਜਹਾਦ ਦੀ ਖੂਨੀ ਤਲਵਾਰ ਲੋਕਾਂ ਦੇ ਲਹੂ ਨਾਲ ਲਿਬੜੀ ਤਿਬੜੀ ਸੀ, ਇਹ ਬਦਨੁਮਾ ਧੱਬੇ ਸਾਰੀ ਮੁਸਲਿਮ ਸੰਸਕ੍ਰਿਤੀ ਨੂੰ ਦਾਗ਼ੀ ਕਰ ਰਹੇ ਸਨ। ਇਸ ਕਰਕੇ ਬਾਬਾ ਫਰੀਦ ਨਿੰਮ੍ਰਤਾ, ਸਹਿਨਸ਼ੀਲਤਾ ਤੇ ਸ਼ਾਂਤੀ ਦੇ ਸਬਕ ਦੇ ਕੇ ਇਸ ਕਾਲਖ ਨੂੰ ਧੋਣ ਲਗੇ ਹੋਏ ਸਨ। ਪੜ੍ਹੇ ਲਿਖੇ ਮੌਲਾਣਿਆਂ ਨੂੰ ਉਹ ਖਾਸ ਤਾਕੀਦ ਕਰ ਰਹੇ ਸਨ, ਜੋ ਬਾਰੀਕ ਸੂਝ ਦੇ ਮਾਲਕ ਹੋ ਤਾਂ

ਇਹ ਕਾਲਾ ਇਤਿਹਾਸ ਨ ਲਿਖੋ। ਜਿਵੇ ਪੈਰਾਂ ਦਾ ਘਾਹ ਸਭ ਲਤੜੇਵੇਂ ਝੱਲਦਾ ਹੈ ਪਰ ਕਿਸੇ ਨੂੰ ਕੁਛ ਨਹੀਂ ਆਖਦਾ, ਇਸ ਤਰ੍ਹਾਂ ਦੀ ਸਹਿਨਸ਼ੀਲਤਾ ਵਾਲੇ ਨੂੰ ਹੀ ਇਲਾਹੀ ਮੰਦਿਰ ਵਿਚ ਪ੍ਰਵੇਸ਼ ਕਰਨ ਦੀ ਆਗਿਆ ਮਿਲਦੀ ਹੈ।

'ਥੀਉ ਪਵਾਹੀ ਦਭੁ। ਜੇ ਸਾਂਈਂ ਲੋੜਹਿ ਸਭ
ਇਕ ਛਿਜਹਿ ਬਿਆ ਲਤਾੜੀਅਹਿ।
ਤ ਸਾਈਂ ਦੈ ਦਰਿ ਵਾੜੀਅਹਿ।'

ਨਿੰਮ੍ਰਤਾ ਇਤਨੀ ਚਾਹੀਦੀ ਹੈ ਕਿ ਉਹ ਬੁਧਿਮਾਨ ਹੁੰਦਾ ਹੋਇਆ ਵੀ ਆਪਣੇ ਗਿਆਨ ਦਾ ਦਾਅਵਾ ਨ ਕਰੇ, ਆਪਣੇ ਤਾਣ ਦਾ ਗੁਮਾਨ ਨ ਕਰੇ ਅਤੇ ਵਿਤੋਂ ਬਾਹਰਾ ਹੋ ਕੇ ਆਪਣਾ ਆਪ ਕੁਰਬਾਨ ਕਰਨ ਲਈ ਤਿਆਰ ਰਹੇ :-

ਮਤਿ ਹੋਂਦੀ ਹੋਇ ਇਆਣਾ। ਤਾਣ ਹੋਦੇ ਹੋਇ ਨਿਤਾਣਾ
ਅਣਹੋਦਾ ਆਪਿ ਵੰਡਾਏ। ਕੋਈ ਐਸਾ ਭਗਤ ਸਦਾਏ।੧੨੮।

ਸਬਰ ਵੀ ਫਕੀਰ ਦਾ ਖਾਸ ਗਹਿਣਾ ਹੈ, ਇਹ ਹਥਿਆਰ ਐਸਾ ਹੈ ਜੋ ਕਦੀ ਖਾਲੀ ਨਹੀਂ ਜਾਂਦਾ। ਰੁਖੀ ਸੁਖੀ ਖਾ ਕੇ ਤ੍ਰਿਪਤ ਰਹਿਣਾ ਤੇ ਬਿਗਾਨੀ ਚੋਪੜੀ ਦੇਖਕੇ ਨ ਲਲਚਾਉਣਾ ਉਚੇ ਸ਼੍ਰੇਸਟਾਚਾਰ ਦੀ ਨਿਸ਼ਾਨੀ ਹੈ :-

'ਸਬਰ ਅੰਦਰਿ ਸਾਬਰੀ, ਤਨੁ ਏਵੈ ਜਾਲੇਨਿ
ਹੋਨਿ ਨਜੀਕਿ ਖੁਦਾਇ ਦੇ, ਭੇਤ ਨ ਕਿਸੈ ਦੇਨਿ।੧੧੬।

ਜੇ ਤੂੰ ਕਿਸੇ ਨੂੰ ਪਿਆਰ ਕਰਦਾ ਹੈਂ ਤੇ ਕਿਸੇ ਖੁਦਗਰਜ਼ੀ ਜਾਂ ਲੋਭ ਕਰਕੇ ਕਰਦਾ ਹੈਂ ਤਾਂ ਇਹ ਠੀਕ ਨਹੀਂ - 'ਜਾ ਲਬ ਤ ਨੇਹੁ ਕਿਆ ਲਬ ਤ ਕੂੜਾ ਨੇਹੁ।' ਇਸੇ ਤਰ੍ਹਾਂ ਜੇ ਤੇਰੇ ਮਨ ਵਿਚ ਹੋਰ ਹੈ ਤੇ ਮੂੰਹ ਵਿਚ ਹੋਰ, ਤਾਂ ਇਹ ਵੀ ਆਚਰਣਕ ਕਚਿਆਈ ਹੈ। ਜੇ ਦਿਲ ਵਿਚ ਖੋਟ ਹੈ ਤੇ ਮੂੰਹ ਵਿਚ ਮਿਠਾਸ

ਰਖ ਕੇ ਗੱਲ ਕਰਦਾ ਹੈਂ ਤਾਂ ਤੂੰ ਪਖੰਡੀ ਫ਼ਕੀਰ ਹੈਂ। ਇਸ ਕਰਕੇ ਬੋਲ ਚਾਲ ਦੀ ਮਰਯਾਦਾ ਇਹ ਹੈ ਕਿ ਠੀਕ ਠੀਕ ਬੋਲਣਾ ਤੇ ਮਿਠਾ ਬੋਲਣਾ ਹੈ :-

'ਬੋਲੀਐ ਸਚੁ ਧਰਮੁ ਝੂਠ ਨ ਬੋਲੀਐ। (ਆਸਾ)

'ਇਕ ਫਿਕਾ ਨ ਗਾਲਾਇ, ਸਭਨਾ ਮੈ ਸਚਾ ਧਣੀ।'

ਫਰੀਦ ਨੇ ਆਪਣੀ ਸਾਰੀ ਰਚਨਾ ਵਿਚ ਖਿਮਾ, ਸਹਿਨਸ਼ੀਲਤਾ, ਸ਼ਾਂਤੀ, ਸਬਰ ਤੇ ਸੰਤੋਖ ਉਤੇ ਜ਼ੋਰ ਦਿੱਤਾ ਹੈ, ਇਹੋ ਅਸਲ ਗੁਣ ਹਨ ਜੋ ਮਨੁੱਖ ਨੂੰ ਉੱਚਾ ਤੇ ਸੁੱਚਾ ਬਣਾਉਂਦੇ ਹਨ। ਕਠੋਰ ਮੁਸਲਮਾਨੀ ਇਤਿਹਾਸ ਦੀ ਮੌਜੂਦਗੀ ਵਿਚ ਇਹ ਵਿਸ਼ਵਾਸ ਕਰਨਾ ਔਖਾ ਹੋ ਜਾਂਦਾ ਹੈ ਤੇ ਆਮ ਆਦਮੀ ਤਾਂ ਅਚੰਭਾ ਰਹਿ ਜਾਂਦਾ ਹੈ ਕਿ ਕੋਈ ਮੁਸਲਮਾਨ ਦਰਵੇਸ਼ ਇਸ ਤਰ੍ਹਾਂ ਦੀਆਂ ਨਸੀਹਤਾਂ ਦੇ ਰਿਹਾ ਹੈ ਜਦੋਂ ਕਿ ਅਜੇਹੀ ਸਿਖਿਆ, ਅਜੇਹਾ ਆਚਾਰ, ਭਾਰਤੀ ਸੰਸਕ੍ਰਿਤੀ ਦਾ ਮੂਲ ਸੁਭਾ ਹੈ। ਜਿਵੇਂ ਕਿ ਅਸਾਂ ਪਹਿਲੇ ਕਿਹਾ ਸੀ ਕਿ ਅਧਿਆਤਮਕ ਨਿਸ਼ਠਾ ਤੇ ਸਦਾਚਾਰ ਮਨੁੱਖ ਦੇ ਉਹ ਦੋ ਪੈਰ ਹਨ ਜਿਨ੍ਹਾਂ ਦੇ ਆਸਰੇ ਉਸ ਸਭਿਆਚਾਰ ਜਾਂ ਕਲਚਰ ਦੀ ਉਚੀ ਮੰਜ਼ਲ ਤੇ ਪਹੁੰਚੀਦਾ ਹੈ। ਸਭਿਆਚਾਰ ਸੁਘੜ ਜੀਵਨ-ਜਾਚ ਹੈ ਜੋ ਮਨੁੱਖ ਨੂੰ ਕੋਮਲ ਤੇ ਸਰਬ-ਹਿਤਕਾਰੀ ਬਣਾਉਂਦੀ ਹੈ। ਉਹ ਠੀਕ ਕੰਮ, ਠੀਕ ਤਰ੍ਹਾਂ ਕਰਦਾ ਹੈ ਤ ਉਪਕਾਰ ਦਾ ਮੁਜੱਸਮ ਹੋ ਕੇ ਬੁਰੇ ਦਾ ਭਲਾ ਕਰਕੇ ਪ੍ਰਸੰਨ ਹੁੰਦਾ ਹੈ। ਆਮ ਦੁਨੀਆਦਾਰ ਐਸਾ ਨਹੀਂ ਕਰ ਸਕਦਾ। ਬਿਰਛ ਵਾਂਙ ਵੱਟੇ ਖਾ ਕੇ ਵੀ ਮਿਠੇ ਫਲ ਤੇ ਠੰਢੀ ਛਾਂ ਦੇਣਾ ਦਰਵੇਸ਼ੀ ਸੁਭਾ ਹੈ, ਇਹ ਕੇਵਲ ਸਾਧੂਆਂ ਫਕੀਰਾਂ ਦੀ ਜਮਾਤ ਦਾ ਹੀ ਕਿਰਦਾਰ ਹੈ ਅਤੇ ਬਿਖਮ ਕਾਰ ਹੈ :-

ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ।੧੧੧।

ਫਰੀਦ ਦਾ ਪੰਜਾਬ

ਫਰੀਦ-ਯੁਗ ਦਾ ਪੰਜਾਬ ਕੇਹੋ ਜੇਹਾ ਸੀ, ਉਸ ਦਾ ਚੁਗਿਰਦਾ ਕਿਸ ਕਿਸ ਭਾਂਤ ਦਾ ਸੀ, ਇਹ ਉਸ ਦੇ ਸਲੋਕਾਂ ਵਿਚ ਸੰਖੇਪ ਭਾਂਤ ਪਰ ਸੋਹਣਾ ਚਿਤ੍ਰਿਆ ਮਿਲਦਾ ਹੈ। ਪੰਜਾਬ ਦੀ ਰੰਗਲੀ ਭੂਮੀ ਨੂੰ ਉਸ ਨੇ 'ਸੁਹਾਵਾ ਬਾਗ' ਲਿਖਿਆ ਹੈ ਜੋ ਕਿ ਜੰਗਲਾਂ, ਵਣਾਂ, ਰੇਤ-ਥਲਾਂ, ਟੋਏ ਟਿਬਿਆਂ, ਦਰਿਆਵਾਂ, ਵਾਹੜਿਆਂ, ਸਰਾਂ, ਤਾਲਾਂ, ਛੱਪੜਾਂ ਤੇ ਲੰਮੀ ਲੰਮੀ ਨਦੀਆਂ ਦੇ ਵਹਿਣਾਂ ਨਾਲ ਘਿਰੀ ਹੋਈ ਹੈ। ਇਸ ਤੇ ਕੂੰਜਾਂ, ਹੰਸ, ਬਗਲੇ, ਬਾਜ਼, ਕੋਇਲਾਂ, ਕਾਂ, ਕਲੋਲਾਂ ਕਰਦੇ ਤੇ ਕਈ ਕੰਕਰ ਚੁਗਣ ਵਾਲੇ ਭੋਲੇ-ਭਾਲੇ ਪੰਛੀ ਐਸੇ ਹਨ ਜਿਹਨਾਂ ਤੇ ਬਲਿਹਾਰੀ ਜਾਣ ਨੂੰ ਜੀ ਕਰਦਾ ਹੈ ਤੇ ਕਈ ਥਾਂ ਉਨ੍ਹਾਂ ਦਾ ਵੀ ਸ਼ਿਕਾਰ ਕਰਨ ਲਈ ਪੰਜਾਹ ਪੰਜਾਹ ਸ਼ਿਕਾਰੀ ਥਾਂ ਥਾਂ ਜਾਲ ਚੁਕੀ ਫਿਰਦੇ ਹਨ, ਬਾਣ ਕਮਾਣ ਇਨ੍ਹਾਂ ਦੇ ਹਥਿਆਰ ਹਨ। ਦੁਨੀਆਂ ਅਨੋਖੀ ਕਿਸਮ ਦਾ ਅਜਾਇਬ ਘਰ ਹੈ ਕਿਧਰੇ ਕਿੱਕਰਾਂ ਹਨ ਤੇ ਕਿਧਰੇ ਕੰਵਲ, ਕਿਧਰੇ ਹਿੰਗ ਦੀ ਬੋ ਹੈ ਤੇ ਕਿਧਰੇ ਕਸਤੂਰੀ ਦੀ ਭਿੰਨੀ ਭਿੰਨੀ ਖੁਸ਼ਬੋ, ਕਿਧਰੋ ਪੱਟ ਹੈ ਤੇ ਕਿਧਰੇ ਉੱਨ, ਕਿਧਰੇ ਕੁਸੰਭੜਾ ਖਿੜਿਆ ਹੈ ਤੇ ਕਿਤੇ ਕਿਤੇ, ਮਜੀਠੀ ਰੰਗ ਦੀ ਡਲ੍ਹਕ ਹੈ। ਗਰੀਬੀ ਅਮੀਰੀ ਦੀ ਝਾਕੀ ਵੰਨ-ਸੁਵੰਨੀ ਹੈ। ਕਿਧਰੇ ਟੁੱਟੀਆਂ ਛੱਪਰੀਆਂ ਤੇ ਢਾਰੇ ਹਨ ਤੇ ਕਿਧਰੇ ਕੋਠੇ ਮੰਡਪ ਮਾੜੀਆਂ ਤੇ ਮਹਲ, ਨਗਾਰਿਆਂ, ਛੱਤਰਾਂ, ਤਖਤਾਂ ਭੇਰੀਆਂ, ਵਾਜਿਆਂ ਵਾਲਿਆਂ ਦੀ ਦੁਨੀਆਂ ਹੋਰ ਹੈ। ਪੋਟਲੀ ਉਠਾਉਣ ਵਾਲੇ ਤੇ ਮੋਢੇ ਤੇ ਕੁਹਾੜਾ ਰੱਖ ਕੇ ਜੰਗਲਾਂ ਵਿਚ ਦਿਨ ਭਰ ਭਟਕਣ ਵਾਲੇ ਗਰੀਬ ਮਜ਼ਦੂਰਾਂ ਦੀ ਹੋਰ। ਕਈ ਰੁਖੀ ਸੁੱਖੀ ਖਾ ਠੰਢਾ ਪਾਣੀ ਪੀ ਕੇ ਸੰਤੁਸ਼ਟ ਰਹਿੰਦੇ ਹਨ ਤੇ ਕਈ ਬੇਗਾਨੀਆਂ

ਚੋਪੜੀਆਂ ਤੱਕ ਕੇ ਚਿਰਲਾਉਂਦੇ ਰਹਿੰਦੇ ਹਨ। ਕਈਆਂ ਲਈ ਖਜੂਰਾਂ, ਬਿਜਉਰੀ ਦਾਖਾਂ, ਮਿਸਰੀ, ਖੰਡ, ਸ਼ੱਕਰ, ਗੁੜ, ਦੁੱਧ, ਰੋਟੀ, ਤਿਲ, ਗੰਦਲਾਂ ਸਹਿਜੇ ਪ੍ਰਾਪਤ ਹਨ ਤੇ ਕਈ ਤਨੂਰ ਬਾਲਦੇ ਤੇ ਕੁੰਨਿਆਂ ਵਿਚ ਦਾਲ ਸਲੂਣੇ ਤਿਆਰ ਕਰਦੇ ਕੋਧਰੇ ਦਾ ਟੁੱਕਰ ਖਾ ਕੇ ਦਿਨ ਕਟਦੇ ਹਨ। ਕਈਆਂ ਦੇ ਆਟੇ ਦੇ ਭੰਡਾਰ ਭਰੇ ਪਏ ਹਨ ਤੇ ਕਈ ਲੂਣ ਦੀ ਡਲੀ ਤੋਂ ਵੀ ਆਤੁਰ ਹਨ। ਕਈ ਖਟੋਲਿਆਂ ਤੇ ਲੇਫ ਵਿਛਾਉਣੇ ਸਜਾਉਂਦੇ ਹਨ ਤੇ ਕਈ ਬੇਚਾਰੇ ਸਿਰ੍ਹਾਣੇ ਇੱਟ ਰੱਖਣ-ਜੋਗੇ ਹੀ ਹਨ।

ਇਥੇ ਨੱਢੀ ਤੇ ਵੱਡੀ, ਕੁਆਰੀ ਤੇ ਵਿਆਹੀ, ਗੋਰੀ ਤੇ ਛੈਲ ਅਤੇ ਸੁਹਾਗਣਿ, ਦੁਹਾਗਣਿ ਸਭੇ ਆਪਣੇ ਆਪਣੇ ਰੰਗ ਵਿਚ ਹਨ ਤੇ ਕਈ ਬਾਂਕੇ ਨੈਣਾਂ ਵਾਲੀਆਂ ਕਜਲਾ ਲਾ ਕੇ ਲੋਕਾਈ ਨੂੰ ਲੱਟੂ ਕਰੀ ਰਖਦੀਆਂ ਹਨ ਤੇ ਕਈ ਕੰਬਲੀਆਂ ਓਢਕੇ ਮਸਾਂ ਗੁਜ਼ਾਰਾ ਤੋਰਦੀਆਂ ਹਨ। ਪਨਿਹਾਰਨਾਂ ਖੂਹਾਂ ਤੋਂ ਪਾਣੀ ਭਰਕੇ ਰੰਗ-ਬਰੰਗੇ ਸਚਿਤ੍ਰ ਘੜਿਆਂ ਵਿਚ ਦੂਰੋਂ ਚੁੱਕ ਚੁੱਕ ਲਿਆਉਂਦੀਆਂ ਪਰ ਉਨ੍ਹਾਂ ਦੀ ਵਾਟ ਲੰਮੀ ਹੈ।

ਪੰਜਾਬੀ ਸਮਾਜ ਦਾ ਮਰਦ ਚਿਟੀ ਪੱਗ ਬੰਨ੍ਹਕੇ ਰਾਜ਼ੀ ਹੈ ਤੇ ਹਰ ਔਰਤ ਰੇਸ਼ਮੀ ਦੁਪੱਟਾ ਜਾਂ ਪਟੋਲਾ ਲੈ ਕੇ। ਕੋਈ ਵੀ ਇਸ ਨੂੰ ਜ਼ਰਾ ਮੈਲਿਆਂ ਨਹੀਂ ਹੋਣ ਦੇਣਾ ਚਾਹੁੰਦਾ ਅਤੇ ਬਿਗਾਨੇ ਬਾਰ ਬੈਠਣਾ ਵੀ ਹੱਤਕ ਸਮਝੀ ਜਾਂਦੀ ਹੈ। ਹਾਂ, ਫਕੀਰ ਲੋਕ ਹਨ ਕਾਲੇ ਕਪੜੇ ਪਾ ਕੇ ਵੀ ਮੁਸਕਰਾਉਂਦੇ ਰਹਿੰਦੇ ਹਨ ਤੇ ਜੇ ਉਨ੍ਹਾਂ ਦੀ ਖਫ਼ਨੀ ਨੂੰ ਕਈ ਟਾਕੀਆਂ ਵੀ ਲਗੀਆਂ ਹੋਣ ਤਾਂ ਵੀ ਉਹ ਗੌਲਦੇ ਨਹੀਂ। ਦਰਵੇਸ਼ੀ ਔਖੀ ਚੀਜ਼ ਹੈ ਪਰ ਫਕੀਰਾਂ ਦੀ ਜਮਾਤ ਵਿਲੱਖਣ ਹੈ। ਇਹ ਲੋਕ ਤੜਕੇ ਜਾਗਦੇ ਤੇ ਰੱਬੀ ਮੁਹਬਤ ਦੀ ਕਸਤੂਰੀ ਨਾਲ ਖੀਵੇ

ਹੋਏ ਰਹਿੰਦੇ ਹਨ। ਕਦੀ ਪਖੰਡੀ ਮੋਢੇ ਤੇ ਮੁਸੱਲਾ ਤੇ ਗਲ ਵਿਚ ਸੂਫ ਪਾਈ ਫਿਰਦੇ ਹਨ। ਸਵੇਰੇ ਸਵੇਰੇ ਜਗਾਉਣ ਲਈ ਕਈ ਥਾਂ ਨੌਬਤਾਂ ਵੀ ਵਜਦੀਆਂ ਹਨ ਤੇ ਘੜਿਆਲ ਵਜਾ ਕੇ, ਚਲਦੇ ਸਮੇਂ ਦੀ ਰਫਤਾਰ ਦੇਸੀ ਜਾਂਦੀ ਹੈ ਪਰ ਗਾਫਲ ਮੁਸਾਫਰ ਧਿਆਨ ਨਹੀਂ ਧਰਦਾ।

ਦਰਿਆਵਾਂ ਕੰਢੇ ਮਲਾਹ ਬੇੜੇ ਤਿਆਰ ਕਰ ਕਰਕੇ ਘੁੰਮਣਘੇਰੀਆਂ ਨੂੰ ਵੰਗਾਰ ਪਾਉਂਦੇ ਹਨ ਤੇ ਪਾਰ ਲੰਘਣ ਵਾਲਿਆਂ ਦਾ ਸ਼ੋਰ-ਸ਼ਰਾਬਾ ਵੀ ਕਾਫੀ ਪੈਂਦਾ ਹੈ। ਪਰ ਮੱਲੋ ਮੱਲੀ 'ਕੰਧੀ ਉਤੇ ਰੁਖੜੇ' ਵਲ ਸਭ ਦਾ ਧਿਆਨ ਚਲਿਆ ਜਾਂਦਾ ਹੈ, ਕਿਤੇ ਕਿਤੇ ਦਰਿਆਵਾਂ ਦੀ ਢਾਹ ਵੀ ਮਨ ਦਾ ਹੌਂਸਲਾ ਢਾਹ ਦਿੰਦੀ ਹੈ ਅਤੇ ਜਦੋਂ ਡੱਡਾਂ ਮਾਰ ਮਾਰ ਕੇ ਖਾ ਰਹੇ ਬਗਲੇ ਉਤੇ ਅਚਾਨਕ ਬਾਜ਼ ਆ ਝਪਟਦਾ ਹੈ ਤਾਂ ਹਰ ਕੋਈ ਹੈਰਾਨ ਹੋ ਜਾਂਦਾ ਹੈ। ਸਰਾਂ ਤੇ ਪੰਛੀਆਂ ਦੀਆਂ ਡਾਰਾਂ ਆਉਂਦੀਆਂ ਤੇ ਪਾਣੀ ਦਾ ਘੁਟ ਪੀ ਕੇ ਤੁਰ ਜਾਂਦੀਆਂ ਹਨ ਤੇ ਇਕ ਦਿਨ ਉਹ ਵੀ ਹੁੰਦਾ ਹੈ ਜਦੋਂ ਸਰ ਬੇਚਾਰਾ ਵੀ ਸੁੱਕ ਮੁਕ ਜਾਂਦਾ ਤੇ ਇਕੱਲਾ ਕੰਵਲ ਟਹਿਕਦਾ ਟਹਿਕਦਾ ਥੱਕ ਟੁਟਕੇ ਮੁਰਝਾ ਜਾਂਦਾ ਹੈ। ਜ਼ਿੰਦਗੀ ਦਾ ਇਹੋ ਅੰਤ ਹੈ।

ਇਕ ਪਾਸੇ ਸਾਹੇ ਸੋਧੇ ਜਾਂਦੇ ਤੇ ਲਾੜੇ, ਲਾੜੀਆਂ ਨੂੰ ਪਰਣਾਈ ਲਿਜਾ ਰਹੇ ਹਨ, ਦੂਜੇ ਪਾਸੇ ਚਾਰ ਕਾਂਧੀ ਬੰਦੇ ਨੂੰ ਕਬਰਸਤਾਨ ਵਲ ਚੁਕੀ ਜਾਂਦੇ ਹਨ, ਜੇ ਪਤਾ ਹੁੰਦਾ ਤਿਲ ਇਤਨੇ ਥੋੜੇ ਹਨ ਤਾਂ ਮੁੱਠੀ ਜ਼ਰੂਰ ਘੁਟਕੇ ਰਖਦੇ। ਇਹ ਇਕ ਸੱਧਰ ਜਿਹੀ ਰਹਿ ਜਾਂਦੀ ਹੈ, ਹਉਕਾ ਜੇਹਾ ਲੱਗਾ ਰਹਿੰਦਾ ਹੈ।

ਫਰੀਦ ਦਾ ਪ੍ਰਤੀਕ-ਵਿਧਾਨ :-

ਕਿਸੇ ਅਦ੍ਰਿਸ਼ਟ ਤੇ ਅਮੂਰਤ ਸੂਖਮ ਭਾਵ ਨੂੰ ਦਿਸਦੇ ਸਥੂਲ ਪਦਾਰਥ ਰਾਹੀਂ ਮੂਰਤੀਮਾਨ ਕਰਨਾ ਪ੍ਰਤੀਕਵਾਦ

(Symbolism) ਹੈ। ਇਹ ਇਕ ਐਸੀ ਰਹੱਸ-ਭਰੀ ਪ੍ਰਗਟਾਉ ਸ਼ੈਲੀ ਹੈ, ਜਿਸ ਵਿਚ ਬਿਆਨ ਕਿਸੇ ਹੋਰ ਚੀਜ਼ ਦਾ ਹੁੰਦਾ ਹੈ ਤੇ ਗੱਲ ਕਿਸੇ ਹੋਰ ਬਾਰੇ ਕਹੀ ਜਾਂਦੀ ਹੈ। ਜੇ ਕਿਤੇ ਉਸ ਚੀਜ਼ ਦਾ ਹੀ ਅਸਲ ਵਰਨਣ ਕੀਤਾ ਜਾਂਦਾ ਤਾਂ ਉਹ ਇਤਨਾ ਪ੍ਰਭਾਵਕਾਰੀ ਤੇ ਆਕਰਸ਼ਕ ਨਹੀਂ ਸੀ ਹੋਣਾ। ਇਸ ਕਰਕੇ ਪ੍ਰਤੀਕਾਤਮਕ ਸ਼ੈਲੀ ਉਚੇਰੇਂ ਵਿਚਾਰਾਂ ਤੇ ਡੂੰਘੇਰੇ ਭਾਵਾਂ ਦੀ ਬੋਧਕ ਸਿਧ ਹੋਈ ਹੈ। ਜਿਵੇਂ ਕਿਸੇ ਖਾਸ ਰੰਗ ਦਾ ਝੰਡਾ ਕਿਸੇ ਕੌਮ ਦਾ ਪ੍ਰਤੀਕ ਹੋ ਜਾਂਦਾ ਹੈ।

ਇਵੇਂ ਕਾਵਿ ਵਿਚ ਪ੍ਰਤੀਕ ਇਕ ਵਿਸ਼ੇਸ਼ ਭਾਵਨਾ ਦਾ ਪ੍ਰਤਿਨਿਧ ਬਣਕੇ ਇਕ ਰਾਜਦੂਤ ਵਾਲਾ ਕੰਮ ਕਰਦਾ ਹੈ। ਇਸਦੀ ਕਾਰਗੁਜ਼ਾਰੀ ਬਹੁਤ ਹੀ ਆਲ੍ਹਾ ਤੇ ਮਾਅਰਕੇ ਦੀ ਹੁੰਦੀ ਹੈ। ਫਾਰਸੀ ਸ਼ਾਇਰੀ ਵਿਚ ਮਾਸ਼ੂਕ ਲਈ ਸਾਕੀ ਤੇ ਮੁਹੱਬਤ ਲਈ ਸ਼ਰਾਬ ਦਾ ਪ੍ਰਤੀਕ ਬਹੁਤ ਮਕਬੂਲ ਹੈ, ਇਵੇਂ ਜਿਵੇਂ ਭਾਰਤੀ ਕਾਵਿ ਵਿਚ ਗੁਰੂ ਲਈ ਮਲਾਹ ਤੇ ਭਗਤੀ-ਸਾਧਨਾ ਲਈ ਬੇੜੇ ਦਾ ਪ੍ਰਤੀਕ ਆਮ ਵਰਤਿਆ ਜਾਂਦਾ ਹੈ। ਆਮ ਤੌਰ ਤੇ ਪ੍ਰਤੀਕ ਅਧਿਆਤਮਕ ਜਾਂ ਡੂੰਘੇ ਦਾਰਸ਼ਨਿਕ ਵਿਚਾਰਾਂ ਦੇ ਪ੍ਰਗਟਾਉ ਲਈ ਵਰਤੋਂ ਵਿਚ ਲਿਆਂਦੇ ਜਾਂਦੇ ਹਨ ਤੇ ਇਹ ਉਸ ਸੰਦੇਸ਼ ਨੂੰ ਬਹੁਤ ਖੂਬਸੂਰਤੀ ਨਾਲ ਪਾਠਕ ਦੇ ਮਨ ਤਕ ਪਹੁੰਚਾਉਂਦੇ ਹਨ। ਅਧਿਆਤਮਕ ਅਨੁਭਵ ਤਾਂ ਉਂਜ ਹੀ ਦਸਿਆ ਨਹੀਂ ਜਾ ਸਕਦਾ ਤੇ ਉਸਦੇ ਪੂਰਨ ਪ੍ਰਗਟਾਵੇ ਲਈ ਜ਼ਬਾਨ ਸਾਥ ਵੀ ਨਹੀਂ ਦਿੰਦੀ, ਇਸ ਕਰਕੇ ਉਸਨੂੰ ਪ੍ਰਤੀਕ ਹੀ ਪ੍ਰਗਟ ਕਰਨ ਦੇ ਸਮੱਰਥ ਹੈ। ਜੇ ਕਦੀ ਅਧਿਆਤਮਕਤਾ ਦਾ ਇਸ ਤਰ੍ਹਾਂ ਕਲਾ ਨਾਲ ਸੁਮੇਲ ਨ ਹੁੰਦਾ ਤਾਂ ਸ਼ਾਇਦ ਇਹ ਨਿਰੀ ਖੁਸ਼ਕ ਫਿਲਾਸਫੀ ਬਣਕੇ ਹੀ ਰਹਿ ਜਾਂਦਾ, ਇਸ ਕਰਕੇ ਰਹੱਸਵਾਦੀ ਕਵੀਆਂ ਇਸਦਾ

ਸਭ ਤੋਂ ਵੱਧ ਪ੍ਰਯੋਗ ਕੀਤਾ ਹੈ।

ਪਤਾ ਨਹੀਂ ਕਿਉਂ, ਸਾਹਿਤ ਵਿਚ ਇਹ ਵੀ ਇਕ ਪ੍ਰਮਾਣਿਕ ਸਚਾਈ ਹੈ ਕਿ ਜੇਕਰ ਕੋਈ ਗੱਲ ਸਿੱਧੀ ਕਹਿਣ ਦੀ ਥਾਂ ਅਸਿਧੇ ਢੰਗ ਨਾਲ ਕਹੀ ਜਾਵੇ, ਰੂਪਕਾਂ ਜਾਂ ਪ੍ਰਤੀਕਾਂ ਦੀ ਭਾਸ਼ਾ ਵਿਚ ਦੱਸੀ ਜਾਵੇ ਤਾਂ ਇਹ ਵਧੇਰੇ ਮਨੋਹਰ ਤੇ ਪ੍ਰਭਾਵਸ਼ਾਲੀ ਸਿਧ ਹੁੰਦੀ ਹੈ। ਇਸ ਕਰਕੇ ਮੌਲਾਨਾ ਰੂਮੀ ਨੇ ਕਿਹਾ ਸੀ ਕਿ ਇਹ ਵਧੇਰੇ ਚੰਗੇਰੀ ਗੱਲ ਹੈ ਕਿ ਆਪਣੇ ਸੱਜਣਾਂ ਦੀ ਗੱਲ ਹੋਰਾਂ ਦੀਆਂ ਕਹਾਣੀਆਂ ਰਾਹੀਂ ਹੀ ਸੁਣੀ ਸੁਣਾਈ ਜਾਵੇ :-

'ਖੁਸ਼ਤਰ ਆਂ ਬਾਸ਼ਦ ਕਿ ਸਿੱਰਰਿ ਦਿਲਬਰਾਂ
ਗ਼ੁਫਤਾ ਆਇਦ ਦਰ ਹਦੀਸਿ ਦੀਗਰਾਂ।'

ਸੋ ਰਹੱਸਵਾਦ ਦੀ ਇਹ ਮਜਬੂਰੀ ਹੀ ਨਹੀਂ ਕਿ ਉਹ ਪ੍ਰਤੀਕਾਤਮਕ ਸ਼ੈਲੀ ਅਪਣਾ ਕੇ ਹੀ ਰਹੱਸ ਦੱਸ ਸਕਦਾ ਹੈ, ਦੂਜੇ ਪਾਸੇ, ਉਤਕ੍ਰਿਸ਼ਟ ਕਾਵਿ ਦਾ ਵੀ ਇਹੋ ਲੱਛਣ ਹੈ ਕਿ ਉਹ ਗੱਲ ਨੂੰ ਅਸਿੱਧੇ ਤਰੀਕੇ ਨਾਲ ਸੰਕੇਤ ਰੂਪ ਵਿਚ ਕਹੇ ਤੇ ਉਹ ਸੰਕੇਤ ਕੁਦਰਤ ਦੇ ਰੰਗੀਨ ਭੰਡਾਰੇ ਵਿਚੋਂ ਬੜੀਆਂ ਅਨੋਖੀਆਂ ਭਾਵਨਾਵਾਂ ਮੇਲ ਕੇ ਲਿਆਉਂਦਾ ਹੈ। ਮਿਸਾਲ ਲਈ ਸੰਤਾਂ ਫਕੀਰਾਂ ਆਪਣੀ ਰੱਬੀ ਪ੍ਰੀਤਿ ਨੂੰ 'ਕੰਤ ਕਾਮਣਿ' ਦੇ ਪ੍ਰਤੀਕ ਨਾਲ ਬਾਰ ਬਾਰ ਗਾਂਵਿਆ ਹੈ। ਫਰੀਦ ਉਸ ਮਿਲਾਪ ਵਿਚ ਪਲ ਮਾਤ੍ਰ ਵਿਛੋੜੇ ਦਾ ਜ਼ਿਕਰ ਕਰਦੇ ਕਹਿੰਦੇ ਹਨ :-

'ਅਜੁ ਨ ਸੁਤੀ ਕੰਤ ਸਿਉਂ, ਅੰਗ ਮੁੜੇ ਮੁੜਿ ਜਾਇ।'

ਹੁਣ ਇਹ ਬਿਆਨ ਇਤਨਾ ਸੰਖੇਪ ਹੈ ਪਰ ਇਸ ਤੋਂ ਵਿਯੋਗੀ ਫਕੀਰ ਦੀਆਂ ਅਨੇਕਾਂ ਤਰੁਟੀਆਂ, ਮਨ ਦੀਆਂ ਬਿਹਬਲਤਾਵਾਂ, ਵੇਦਨਾਵਾਂ ਤੇ ਚੀਸਾਂ ਦਾ ਪਤਾ ਲਗਦਾ ਹੈ

ਅਤੇ ਇਹ ਹੋਰ ਤਰ੍ਹਾਂ ਸ਼ਾਇਦ ਦੱਸਿਆ ਵੀ ਨਹੀਂ ਸੀ ਜਾ ਸਕਦਾ।

ਇਸੇ ਤਰ੍ਹਾਂ ਫਰੀਦ ਰੱਬੀ ਆਸਰਾ ਲੈਣ ਦੀ ਤਾਕੀਦ ਕਰਦੇ ਕਹਿੰਦੇ ਹਨ ਕਿ 'ਤੂੰ ਦਰਿਆ ਨਾਲ ਯਾਰੀ ਲਾ, ਛੱਪੜਾਂ ਵਲ ਕਿਉਂ ਫਿਰਦਾ ਹੈਂ :-

ਸੋਈ ਸਰਵਰ ਢੂੰਡਿ ਲਹੁ ਜਿਥਹੁ ਲਭੀ ਵਥੁ
ਛਪੜਿ ਢੂੰਢੇ ਕਿਆ ਹੋਵੈ, ਚਿਕੜਿ ਡੁਬੈ ਹਥੁ।੫੩।

ਹੁਣ ਇਹ ਦੋ ਸਤਰਾਂ ਤੌਹੀਦ-ਪ੍ਰਸਤ ਬਣਨ ਲਈ ਇਤਨਾ ਬਲਵਾਨ ਅਸਰ ਰਖਦੀਆਂ ਹਨ ਕਿ ਕੋਈ ਤਕੜਾ ਮੰਤਕੀ ਵੀ ਇਸ ਕਿਸਮ ਦਾ ਅਸਰ ਨਹੀਂ ਪਾ ਸਕਦਾ। ਜ਼ਾਹਰ ਹੈ ਕਿ ਦਰਿਆ ਤੇ ਛੱਪੜ ਦਾ ਕੋਈ ਮੁਕਾਬਲਾ ਨਹੀਂ। ਇਸੇ ਤਰ੍ਹਾਂ ਦੇਵੀ ਦੇਵਤੇ ਜਾਂ ਅਵਤਾਰ, ਪੀਰ, ਪਰਮੇਸ਼ਰ ਦੀ ਸ਼ਕਤੀ ਦੇ ਸਨਮੁਖ ਤੁਛ ਹਨ।

'ਹੰਸ' ਲਗਭਗ ਸਾਡੇ ਭਾਰਤੀ ਕਾਵਿ ਵਿਚ ਸੁੱਚੇ ਧਰਮਾਤਮਾ ਪੁਰਸ਼ ਦਾ ਪ੍ਰਤੀਕ ਹੈ। ਫਰੀਦ ਜੀ ਨੇ ਇਸ ਦੀ ਵੀ ਵਰਤੋਂ ਕੀਤੀ ਹੈ। ਉਹ ਕਹਿੰਦੇ ਹਨ ਕਿ ਨੇਕ ਪੁਰਸ਼ ਕਦੀ ਮਾੜੇ ਕੰਮ ਵਲ ਜਾਂਦਾ ਹੀ ਨਹੀਂ, ਝੱਲੇ ਲੋਕ ਕਈ ਵਾਰ ਐਵੇਂ ਭੁਲੇਖਾ ਖਾ ਜਾਂਦੇ ਹਨ ਪਰ ਨੇਕ ਨੇਕ ਹੀ ਰਹਿੰਦੇ ਹਨ-

'ਹੰਸ ਉਡਰਿ ਕੋਧਰੈ ਪਇਆ, ਲੋਕ ਵਿਡਾਰਣ ਜਾਇ
ਗਹਿਲਾ ਲੋਕ ਨ ਜਾਣਈ, ਹੰਸ ਨ ਕੋਧ੍ਰਾ ਖਾਇ।'

ਇਸੇ ਤਰ੍ਹਾਂ ਇਕ ਥਾਂ ਇਹ ਆਖਣਾ ਸੀ ਕਿ ਭਲੇ ਪੁਰਸ਼ਾਂ ਦੀ ਉਚੀ ਕਰਣੀ ਤੇ ਕੀਰਤੀ ਦੇਖ ਕੇ ਕਈ ਦੰਭੀ ਵੀ ਰੀਸ ਕਰ ਬਹਿੰਦੇ ਹਨ ਪਰ ਇਹ ਨਕਲ ਉਨ੍ਹਾਂ ਨੂੰ ਸਗੋਂ ਲੈ ਡੁਬਦੀ ਹੈ। ਬਜ਼ੁਰਗ ਕਵੀ ਨੇ ਇਹ ਹਕੀਕਤ ਹੰਸ ਤੇ ਬਗਲੇ ਦੇ

ਮੁਕਾਬਲੇ ਨਾਲ ਇਉਂ ਅੰਕਿਤ ਕੀਤੀ ਹੈ :-

ਹੰਸਾਂ ਵੇਖਿ ਤਰੰਦਿਆਂ, ਬਗਾਂ ਭਿ ਆਇਆ ਚਾਉ
ਡੁਬਿ ਮੁਏ ਬਗ ਬਪੜੇ, ਸਿਰ ਤਲਿ ਉਪਰਿ ਪਾਉ।'

ਜਿਥੇ ਕਿਤੇ ਸੰਸਾਰ ਦੀ ਨਾਸ਼ਮਾਨਤਾ ਦਿਖਾਈ ਹੈ, ਉਥੇ ਵੀ ਕਈ ਥਾਂ ਪ੍ਰਤੀਕ ਯੋਜਨਾ ਦੁਆਰਾ ਇਹ ਸੱਚ ਉਜਾਗਰ ਕੀਤਾ ਹੈ ਕਿ ਛੰਭਾਂ ਤੇ ਰੌਣਕ ਲਾਉਣ ਵਾਲੇ ਪੰਛੀਆਂ ਇਕ ਦਿਨ ਉਡ ਹੀ ਜਾਣਾ ਹੈ ਤੇ ਛੰਭਾਂ ਦਾ ਪਾਣੀ ਵੀ ਸੁੱਕ ਮੁੱਕ ਜਾਣ ਵਾਲਾ ਹੈ।

ਚਲਿ ਚਲਿ ਗਈਆਂ ਪੰਖੀਆਂ, ਜਿਨੀ ਵਸਾਏ ਤਲਿ
ਸਰ ਭਰਿਆ ਭੀ ਚਲਸੀ, ਥਕੇ ਕਵਲ ਇਕਲ।

'ਕੰਧੀ ਉਤੇ ਰੁਖੜਾ' ਇਸੇ ਛਿਨ ਭੰਗਰਤਾ ਦਾ ਪ੍ਰਤੀਕ ਹੈ ਜੋ ਕਿਸੇ ਵੀ ਘੜੀ ਡਿਗ ਸਕਦਾ ਹੈ। ਇਸੇ ਤਰ੍ਹਾਂ 'ਤਿਲ ਥੋੜੜੇ' ਮਨੁੱਖ ਦੀ ਥੋੜ-ਚਿਰੀ ਆਯੂ ਦੇ ਸੂਚਕ ਸਨ ਜਿਨ੍ਹਾਂ ਨੂੰ ਬਹੁਤ ਸਾਵਧਾਨੀ ਨਾਲ ਹੀ ਸੰਭਾਲਣ ਦੀ ਲੋੜ ਹੈ। ਮਨੁੱਖ ਕਿਵੇਂ ਆਪਣੀਆਂ ਮੌਜਾਂ ਵਿਚ ਗ਼ਲਤਾਨ ਮੌਤ ਦਾ ਖਿਆਲ ਭੁਲਾ ਬਹਿੰਦਾ ਤੇ ਫਿਰ ਮੌਤ ਕਿਵੇਂ ਅਚਾਨਕ ਆ ਦਬੋਚਦੀ ਹੈ, ਇਹ ਨਿਤ ਵਰਤਦੀ ਕਹਾਣੀ ਹੈ ਪਰ ਜੇ ਕਿਸੇ ਨੂੰ ਇਹ ਗੱਲ ਕਹੀਏ ਸ਼ਾਇਦ ਕੌੜੀ ਲਗੇ ਤੇ ਉਹ ਸੁਣਨ ਲਈ ਤਿਆਰ ਵੀ ਨ ਹੋਵੇ ਪਰ ਪ੍ਰਤੀਕਾਤਮਕ ਸ਼ੈਲੀ ਐਸੀ ਲੁਭਾਵਣੀ ਹੈ ਕਿ ਉਹ ਇਸ ਮੁਸਾਫਰ ਨੂੰ ਦਰਿਆ ਦੀ ਸੈਰ ਕਰਾਉਂਦੀ ਤੇ ਪੰਛੀਆਂ ਦੇ ਕੌਤਕ ਦਰਸਾਉਂਦੀ ਹੋਈ ਇਹ ਜ਼ਰੂਰੀ ਚਿਤਾਵਨੀ ਦਿੰਦੀ ਹੈ।

ਫਰੀਦਾ ਦਰੀਆਵੈ ਕੰਨੇ ਬਗਲਾ, ਬੈਠਾ ਕੇਲ ਕਰੇ
ਕੇਲ ਕਰੇਂਦੇ ਹੰਝ ਨੋ, ਅਚਿੰਤੇ ਬਾਜ਼ ਪਏ

ਬਾਜ਼ ਪਏ ਤਿਸ ਰਬ ਦੇ, ਕੇਲਾਂ ਵਿਸਰੀਆਂ
ਜੋ ਮਨਿ ਚਿਤਿ ਨ ਚੇਤੇ ਸਨ, ਸੋ ਗਾਲੀਂ ਰਬ ਕੀਆਂ।੯੯।

ਇਸ ਤਰ੍ਹਾਂ ਭਾਵੇਂ 'ਕੰਤ ਕਾਮਣਿ' ਦਾ ਪ੍ਰਤੀਕ ਆਮ ਤੌਰ ਤੇ ਆਤਮਾ ਪਰਮਾਤਮਾ ਦੇ ਸਬੰਧ ਲਈ ਵਧੇਰੇ ਵਰਤਿਆ ਹੈ ਪਰੰਤੂ ਇਕ ਥਾਂ ਇਸੇ ਪ੍ਰਤੀਕ ਰਾਹੀਂ ਇਹ ਸਮਝਾਇਆ ਹੈ ਕਿ ਇਕ ਦਿਨ ਇਸ ਮੁਟਿਆਰ ਨੇ ਪੇਕਾ ਘਰ ਛੱਡਕੇ ਸਾਹੁਰੇ ਚਲੇ ਹੀ ਜਾਣਾ ਹੈ, ਭਾਵ ਇਹ ਕਿ ਮੌਤ ਲਾਜ਼ਮੀ ਹੈ। ਫਰੀਦ ਇਸ ਸ਼ੋਕਮਈ ਘਟਨਾ ਨੂੰ ਵਿਆਹ ਦੇ ਅਨੰਦਮਈ ਅਲੰਕਾਰ ਨਾਲ ਇਉਂ ਪੇਸ਼ ਕਰਦੇ ਹਨ :-

'ਜਿਤ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ
. . . ਜਿੰਦ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।੧।

ਕਵੀ ਨੇ ਬਹੁਤੀ ਥਾਈਂ ਜੋਟ ਪ੍ਰਤੀਕ ਵਰਤਕੇ ਦੋਹਾਂ ਪਾਸਿਆਂ ਦੀ ਸੋਝੀ ਕਰਾਈ ਹੈ ਜਿਵੇਂ ਹੰਸ ਨਾਲ ਬਗਲਾ, ਕੁਸੰਭੜੇ ਨਾਲ ਮਜੀਠ, ਗੋਰੀ ਨਾਲ ਛੈਲ, ਫਾਹੀਵਾਲ ਤੇ ਪੰਛੀ, ਸਰਵਰ ਨਾਲ ਛਪੜੀ, ਕਸਤੂਰੀ ਨਾਲ ਹਿੰਗ, ਨੱਢੀ ਤੇ ਵੱਡੀ, ਕੁਆਰੀ ਤੇ ਵੀਵਾਹੀ, ਸੁਹਾਗਣਿ ਤੇ ਡੁਹਾਗਣਿ ਵੰਨਸੁਵੰਨੇ ਜੀਵਨ ਤੇ ਲਖਾਇਕ ਹਨ। ਇਹ ਮੰਨਣਾ ਪਵੇਗਾ ਕਿ ਇਹ ਪ੍ਰਤੀਕਮਈ ਬਿਆਨ, ਇਕ ਰੋਮਾਂਚ ਪੈਦਾ ਕਰਕੇ ਨਵਾਂ ਪ੍ਰਭਾਵ ਪੈਦਾ ਕਰਦੇ ਹਨ ਤੇ ਕਵਿਤਾ ਦੀ ਉਚੇਰੀ ਪੱਧਰ ਸਥਾਪਨ ਵਿਚ ਉਨ੍ਹਾਂ ਦਾ ਵਿਸ਼ੇਸ਼ ਹੱਥ ਹੁੰਦਾ ਹੈ।

ਛੰਦ-ਵਿਧਾਨ

ਫਰੀਦ ਰਚਨਾ ਵਧੇਰੇ ਕਰਕੇ ਸ਼ਲੋਕਾਂ ਵਿਚ ਹੈ। ਸਲੋਕ ਦਾ ਮਾਤ੍ਰਿਕ ਰੂਪ ਦੋਹਰੇ ਵਾਲਾ ਹੀ ਹੈ ਜੋਕਿ ਸਦੀਆਂ ਤੋਂ ਚਲਿਆ ਆ ਰਿਹਾ ਹੈ। ਪ੍ਰਾਕ੍ਰਿਤ ਵਿਚ 'ਗਾਥਾ' ਤੇ ਅਪਭ੍ਰੰਸ਼

ਵਿਚ 'ਦੂਹਾ' ਇਸੇ ਦੇ ਜਿਠੇਰੇ ਹਨ। ਇਹ ਛੰਦ ਲਿਖਣਾ ਭਾਵੇਂ ਔਖਾ ਨਹੀਂ ਪਰ ਇਹ ਪ੍ਰੌਢ ਗਿਆਨ ਦੀ ਮੰਗ ਕਰਦਾ ਹੈ, ਤੱਤ ਸਾਰ ਦੀ ਗੱਲ ਇਸ ਦਾ ਆਧਾਰ ਹੁੰਦੀ ਹੈ। ਸਲੋਕ ਦੀ ਖੂਬੀ ਇਹ ਹੈ ਕਿ ਇਹ ਸੰਜਮੀ ਸ਼ੈਲੀ ਦਾ ਛੰਦ ਹੈ। ਜਿਸ ਵਿਚ ਥੋੜ੍ਹੇ ਲਫ਼ਜ਼ਾਂ ਰਾਹੀਂ ਬਹੁਤੀ ਗੱਲ ਕਹੀ ਜਾਂਦੀ ਹੈ ਤੇ ਫਿਰ ਗੱਲ ਵੀ ਜ਼ਿੰਦਗੀ ਦੇ ਤਜਰਬਿਆਂ ਦਾ ਨਿਚੋੜ ਹੁੰਦੀ ਹੈ, ਕੋਈ ਲੰਮੀ ਵਿਆਖਿਆ ਨਹੀਂ। ਆਮ ਸਲੋਕ ਦੋ-ਤੁਕਾ ਹੁੰਦਾ ਪਰ ਫਰੀਦ ਜੀ ਨੇ ਅਠ-ਤੁਕਾ, ਚੌਤੁਕਾ ਵੀ ਲਿਖਿਆ ਹੈ। ਦੋ ਤਿੰਨ ਥਾਂ ਚੌਪਈ ਵਾਲਾ ਚਰਣ-ਪ੍ਰਬੰਧ ਵੀ ਵਰਤਿਆ ਹੈ।

ਸਲੋਕਾਂ ਤੋਂ ਇਲਾਵਾ ਚਾਰ ਸ਼ਬਦ ਰਾਗਾਂ ਵਿਚ ਹਨ, ਦੋ ਆਸਾ ਵਿਚ ਤੇ ਦੋ ਸੂਹੀ ਵਿਚ। 'ਪੁਰਾਤਨ ਜਨਮ ਸਾਖੀ' ਦੇ ਸੰਕੇਤ ਅਨੁਸਾਰ ਆਸਾ ਦੇਸ ਲਹਿੰਦੇ ਪੰਜਾਬ ਦਾ ਇਕ ਇਲਾਕਾ ਸੀ, ਇਥੋਂ ਦੀ ਗਾਉਣ-ਧੁਨੀ ਹੀ ਆਸਾ ਰਾਗ ਕਹਿਲਾਈ। ਕੁਝ ਇਤਿਹਾਸਕਾਰਾਂ ਇਸ ਆਸਾ ਦੇਸ ਨੂੰ ਅਸਾਮ ਸਮਝ ਲਿਆ ਹੈ ਜੋ ਨਿਰੀ ਭੁੱਲ ਹੈ। ਇਸ ਰਾਗ ਵਿਚ ਮੁਸਲਿਮ ਸੂਫੀਆਂ ਅਨੇਕਾਂ ਗੀਤ ਲਿਖੇ ਹਨ, ਸ਼ੇਖ ਫਰੀਦ ਜੀ ਨੇ ਜੋ ਦੋ ਗੀਤ ਲਿਖੇ, ਉਹ ਖਾਸ ਧਾਰਨਾ ਵਾਲੇ ਹਨ ਤੇ ਉਨ੍ਹਾਂ ਨੂੰ ਪੁਰਾਤਨ ਰੇਖ਼ਤਾ ਦਾ ਰੂਪ ਕਿਹਾ ਜਾ ਸਕਦਾ ਹੈ। ਸੂਹੀ ਰਾਗ ਵੀ ਮੁਸਲਮਾਨਾਂ ਵਿਚ ਵਧੇਰੇ ਪ੍ਰਚਲਤ ਰਿਹਾ ਹੈ ਪਰ ਇਨ੍ਹਾਂ ਵਿਚ ਵਰਤੀ ਧਾਰਨਾ ਚੌਪਈ ਤੇ ਨੀਸਾਣੀ ਛੰਦ ਵਾਲੀ ਹੈ। ਇਸ ਤੋਂ ਅਸੀਂ ਇਹ ਸਿੱਟਾ ਕਢਦੇ ਹਾਂ ਕਿ ਛੰਦ-ਵਿਧਾਨ ਦਾ ਰਾਗਾਂ ਨਾਲ ਵਿਸ਼ੇਸ਼ ਸਬੰਧ ਰਿਹਾ ਹੈ, ਜੈਸਾ ਰਾਗ ਵੈਸੀ ਛੰਦ-ਚਾਲ। ਇਕ ਦੋ ਛੰਤ ਤੇ ਕਾਫੀ ਵੀ ਫਰੀਦ ਦੇ ਨਾਂ ਕਹੀ ਜਾਂਦੀ ਹੈ ਪਰ ਸਾਡੀ ਜਾਚੇ ਉਹ ਸ਼ੇਖ ਫ਼ਰੀਦ ਦੀ ਨਹੀਂ, ਕਿਸੇ ਹੋਰ ਕਵੀ ਦੀ ਹੈ।

ਲਹਿੰਦੀ ਪੰਜਾਬੀ ਸਾਹਿਤਕ ਦ੍ਰਿਸ਼ਟੀ ਤੋਂ ਪ੍ਰਾਚੀਨ ਹੈ ਤੇ ਅਮੀਰ ਵਿਰਸੇ ਦੀ ਮਾਲਕ ਹੈ। ਗਜ਼ਨਵੀ ਰਾਜ ਤੋਂ ਪਹਿਲਾਂ ਰਾਜ-ਸੱਤਾ ਦਾ ਕੇਂਦਰ ਮੁਲਤਾਨ ਸੀ ਤੇ ਮੁਲਤਾਨੀ ਦੀ ਚੋਖੀ ਪ੍ਰਭੁਤਾ ਸੀ। 'ਸੰਨੇਹ ਰਾਸਇ' ਦਾ ਕਰਤਾ ਅੱਦਹਮਾਣ ਇਥੋਂ ਦਾ ਹੀ ਸੀ। ਕਈ ਸੂਫ਼ੀ ਕਵੀ ਵੀ ਇਥੇ ਹੋਏ ਪਰੰਤੂ ਸਰਹੱਦੀ ਪ੍ਰਾਂਤ ਹੋਣ ਕਰਕੇ ਹਮਲਿਆਂ ਕਾਰਣ ਤਬਾਹੀ ਦਾ ਸ਼ਿਕਾਰ ਹੋ ਗਿਆਂ ਤੇ ਸਾਹਿਤ ਦੀ ਸੰਭਾਲ ਨਾ ਹੋ ਸਕੀ ਪਰ ਇਸ ਗੱਲ ਦਾ ਸਾਨੂੰ ਪਤਾ ਹੈ ਕਿ ਇਥੋਂ ਦੀ ਸਾਹਿਤਕ ਪਰੰਪਰਾ ਪ੍ਰੌਢ ਸੀ, ਜਿਸ ਕਰਕੇ ਬਾਦ ਵਿਚ ਪੰਜਾਬੀ ਵਿਚ ਰਚਨਾ ਕਰਨ ਵਾਲੇ ਕਵੀ ਲਹਿੰਦੀ ਦਾ ਰੰਗ ਜਾਣ ਬੁਝ ਕੇ ਮਿਲਾਉਂਦੇ ਸਨ। ਫਰੀਦ ਦੇ ਕਿਤਨੇ ਸਲੋਕਾਂ ਦੀ ਭਾਸ਼ਾ ਨਿਰੋਲ ਲਹਿੰਦੀ ਹੈ ਤੇ ਕਿਤਨੇ ਕੇਂਦਰੀ ਪੰਜਾਬੀ ਦੇ ਨੇੜੇ ਹਨ ਜਿਵੇਂ :-

ਫਰੀਦਾ ਗਲੀਏ ਚਿਕੜ ਦੂਰਿ ਘਰੁ, ਨਾਲਿ ਪਿਆਰ ਨੇਹੁ
ਚਲਾਂ ਤ ਭਿਜਹਿ ਕੰਬਲੀ, ਰਹਾਂ ਤ ਤੁਟੈ ਨੇਹੁ।

ਇਸ ਦਾ ਇਕ ਕਾਰਣ ਤਾਂ ਇਹ ਹੈ ਕਿ ਸ਼ੇਖ ਫ਼ਰੀਦ ਸਾਰਾ ਪੰਜਾਬ ਘੁੰਮੇ ਸਨ, ਕਾਫੀ ਅਰਸਾ ਦਿੱਲੀ ਅਤੇ 15-20 ਸਾਲ ਹਾਂਸੀ ਹਿਸਾਰ ਵਲ ਰਹੇ ਸਨ, ਇਸ ਕਰਕੇ ਉਨ੍ਹਾਂ ਦੀ ਬੋਲੀ ਵਧੇਰੇ ਕੇਂਦਰੀ ਢੰਗ ਦੀ ਹੋ ਗਈ ਸੀ ਪਰ ਇਹ ਵੀ ਸਾਨੂੰ ਮੰਨਣਾ ਪਵੇਗਾ ਕਿ ਲਹਿੰਦੀ ਦੀ ਪੁਰਾਤਨ ਪ੍ਰਾਪਤ ਵੰਨਗੀ ਵੀ ਫਰੀਦ ਦੇ ਸਲੋਕ ਹੀ ਹਨ, ਇਨ੍ਹਾਂ ਦਾ ਭਾਸ਼ਾਈ ਚਰਿਤ੍ਰ ਸਚਮੁੱਚ ਵੱਖਰਾ ਹੈ। ਸਬੰਧਕ ਭਿੰਨ ਹਨ - ਜਿਵੇਂ ਕੂ, ਕੇਰੀ, ਸੰਦੀ ਆਦਿ। ਕ੍ਰਿਆਵੀ ਰੂਪ ਭਵਿਓਮਿ, ਥੀਓਮਿ, ਮੁਇਓਹਿ, ਵਿਸਰਿਓਹਿ, ਬਹਸਨਿ, ਸਿੰਞਾਪਸਨਿ, ਜਾਲੇਨਿ, ਰਖਸੀ, ਖਾਸੀ, ਵੰਞਾਂ ਘਤਿ, ਕਪਿਆ, ਗਾਲਾਇ,

ਲਿਵਾੜਿ, ਢੰਢੋਲਿਆ, ਲਦਿਆ ਆਦਿ।

ਇਸੇ ਤਰ੍ਹਾਂ ਮੇਂਡਾ, ਤੈਂਡਾ ਸਡੁ, ਹੰਝ, ਹਿਕ, ਹੇੜਾ, ਹੇਕੜੋ, ਕਿਤੀ, ਕਪਰ, ਕੰਧੀ, ਕੁੰਨਾ, ਕਿਚਰ, ਖਿੰਬੜਿ, ਗਹਿਲਾ, ਜੀਰਾਣ, ਡੁਖ, ਡੀਹੜਾ, ਡੋਹਾਗਣੀ, ਡੰਝ, ਨਾਠੀ, ਵਤ, ਵਾਤਿ, ਵਿਡਾਣੀ, ਗਾਖੜੀ, ਨੀਂਦੜੀ, ਪਿਰਹੜੀ, ਆਦਿ ਸ਼ਬਦਾਵਲੀ ਵੱਖਰੀ ਹੈ।

ਅਸੀਂ ਸਰਵਰ ਦਾ ਅਰਥ ਸਰੋਵਰ ਕਰਦੇ ਹਾਂ ਪਰ ਫ਼ਰੀਦ ਜੀ ਦਾ ਸਰਵਰ ਤੋਂ ਭਾਵ ਦਰਿਆ ਹੈ, ਉਨ੍ਹਾਂ ਤਾਲਾਬ ਦੇ ਅਰਥਾਂ ਵਿਚ 'ਸਰ' ਜ਼ਰੂਰ ਵ੍ਰਤਿਆ ਹੈ।

ਭਗਤੀ ਲਹਿਰ ਵਾਲੀ ਸ਼ਬਦਾਵਲੀ ਸਾਨੂੰ ਫਰੀਦ ਵਿਚ ਨਹੀਂ ਮਿਲਦੀ। ਹਾਂ, ਇਕ ਦੋ ਪਦ ਆਏ ਹਨ ਜਿਵੇਂ ਸਾਧਸੰਗ, ਭਗਤ, ਪ੍ਰਭੂ, ਪ੍ਰੀਤਮ, ਉਹ ਵੀ ਇਕ ਪਦੇ ਵਿਚ ਜਿਸ ਦਾ ਢਾਂਚਾ ਸੰਤ-ਕਾਵਿ ਵਾਲਾ ਹੈ। ਹਾਂ, ਅਰਬੀ ਫਾਰਸੀ ਦੇ ਕੁਝ ਪਦ ਵਰਤੇ ਗਏ ਹਨ ਪਰ ਉਹ ਧਾਰਮਿਕ ਪਰੰਪਰਾ ਨਾਲ ਜੁੜੇ ਹੋਣ ਕਰਕੇ ਆਏ ਹਨ, ਉਂਜ ਨਹੀਂ। ਜਿਵੇਂ ਬੰਦਗੀ, ਖ਼ੈਰ, ਰੱਬ, ਅੱਲਾਹ, ਖ਼ੁਦਾ, ਪਰਵਦਗਾਰ, ਸ਼ੇਖ, ਦਰਵੇਸ਼, ਮੁਰੀਦ, ਹਯਾਤੀ, ਰੂਹ, ਗੋਰ, ਉਜ਼ੂ, ਨਿਮਾਜ਼ ਮਲਕ, ਅਜਰਾਈਲ, ਸ਼ੈਤਾਨ, ਪੁਰਸਲਾਤ, ਮਿਸਲ, ਮੁਸੱਲਾ, ਅਕਲਿ ਲਤੀਫ, ਮਰਗਤਾਣੀ, ਦੋਜ਼ਕ ਆਦਿਕ।

ਸੋ ਫਰੀਦ ਨੇ ਭਾਵੇਂ ਲਹਿੰਦੀ ਤੇ ਫਾਰਸੀ ਅਰਬੀ ਸ਼ਬਦ ਵਰਤੇ ਹਨ ਪਰ ਉਨ੍ਹਾਂ ਇਸ ਨੂੰ ਉਪਭਾਸ਼ਾਈ ਜਾਂ ਮਜ਼ਬੀ ਜ਼ਬਾਨ ਮਾਤ੍ਰ ਨਹੀਂ ਰਹਿਣ ਦਿਤਾ ਸਗੋਂ ਸਰਬ-ਸਾਂਝੀ ਪੰਜਾਬੀ ਬਣਾ ਕੇ ਵਰਤਿਆ ਹੈ। ਫਿਰ ਇਹ ਬੋਲੀ ਬਾਮੁਹਾਵਰਾ, ਸਰਲ ਤੇ ਸੰਜਮ-ਭਰੀ ਹੈ ਜਿਸ ਕਰਕੇ ਇਸ ਬਾਣੀ ਦਾ ਬਾਣ ਆਹਲਾ ਨਹੀਂ ਜਾਂਦਾ। ਰਾਗਾਂ ਵਾਲੇ ਸ਼ਬਦ ਪੰਜਾਬੀ ਹੋਣ ਦੀ

ਥਾਂ ਵਧੇਰੇ ਹਿੰਦੁਸਤਾਨੀ ਸਰੂਪ ਰਖਦੇ ਹਨ।

ਸੂਫ਼ੀ ਕਾਵਿ ਵਿਚ ਹੀ ਨਹੀਂ ਬਲਕਿ ਭਾਰਤੀ ਅਧਿਆਤਮਕ ਕਾਵਿ ਵਿਚ ਫਰੀਦ ਜੀ ਦੀ ਇਕ ਵਿਲੱਖਣ ਥਾਂ ਹੈ। ਆਮ ਸੰਤਾਂ ਭਗਤਾਂ ਕਈ ਵਾਰ ਨਿਜੀ ਅਨੁਭਵ ਨੂੰ ਹੀ ਬਾਰ ਬਾਰ ਗਾਂਵਿਆ ਹੈ ਤੇ ਸਮਾਜ ਦਾ ਬਹੁਤਾ ਖਿਆਲ ਨਹੀਂ ਕੀਤਾ ਪਰੰਤੂ ਸ਼ੇਖ ਫ਼ਰੀਦ ਦੀ ਬਾਣੀ ਲੋਕ-ਜੀਵਨ ਦੀ ਉਸਾਰੀ ਲਈ ਇਕ ਵਿਸ਼ੇਸ਼ ਸੰਨੇਹਾ ਦਿੰਦੀ ਹੈ ਤੇ ਉਨ੍ਹਾਂ ਨੂੰ ਭਲੇ ਪਾਸੇ ਲਗਣ ਦੀ ਪ੍ਰੇਰਨਾ ਕਰਦੀ ਹੈ। ਹੋਰ ਸੂਫੀਆਂ ਦੀ ਕਵਿਤਾ ਭਾਵਕਤਾ ਪ੍ਰਧਾਨ ਹੈ, ਇਹ ਗੰਭੀਰ ਸਿਖਿਆ ਨਾਲ ਭਰਪੂਰ ਹੋ ਕੇ ਮਾਨਵਵਾਦੀ ਕੀਮਤਾਂ ਨੂੰ ਉਜਾਗਰ ਕਰਦੀ ਹੈ ਜਿਸ ਦੀ ਸੁਰ ਕਦੀ ਮੱਧਮ ਪੈਣ ਵਾਲੀ ਨਹੀਂ। ਹੋਰ ਸੂਫ਼ੀ ਵਧੇਰੇ ਸ਼ਰ੍ਹਾ ਸ਼ਰੀਅਤ ਤੋਂ ਬੇਪ੍ਰਵਾਹ ਹੋ ਕੇ ਲਿਖਦੇ ਪਰ ਫਰੀਦ ਮਰਯਾਦਾ ਦੀ ਆਵੱਸ਼ਕਤਾ ਉਤੇ ਜ਼ੋਰ ਦਿੰਦੇ ਹਨ। ਹੋਰਾਂ ਸਦਾਚਾਰ ਦਾ ਆਦਰਸ਼ ਇਤਨਾ ਪ੍ਰਮੁਖ ਨਹੀਂ ਰੱਖਿਆ ਜਿਤਨਾ ਕਿ ਬਾਬੇ ਫਰੀਦ ਨੇ ਰੱਖਿਆ ਹੈ। ਆਮ ਸੂਫ਼ੀਆਂ ਦੀਆਂ ਕਾਫੀਆਂ ਵਧੇਰੇ ਵਿਅਕਤੀਗਤ ਗੀਤ ਹਨ ਪਰ ਫਰੀਦ-ਬਾਣੀ ਰਹਿਨੁਮਾਈ ਦੀ ਸ਼ਹਿਨਾਈ ਹੈ। ਫਿਰ ਪੰਜਾਬੀ ਸਭਿਆਚਾਰ ਦੇ ਅਨੇਕ ਵੰਨ-ਸੁਵੰਨੇ ਅਨੁਭਵ ਵੀ ਇਸ ਵਿਚ ਹੀਰੇ ਮੋਤੀਆਂ ਵਾਂਙ ਜੜੇ ਹੋਏ ਹਨ ਜੋ ਪੰਜਾਬੀ ਵਿਰਸੇ ਦੀ ਸ਼ਾਨ ਦੱਸਦੇ ਹਨ। ਇਹ ਸਦੀਆਂ ਦੇ ਸਰਬੋਤਮ ਤਪੱਸਵੀ ਨੇਕ ਪੁਰਸ਼ਾਂ ਦੀ ਪਵਿਤਰ ਕਮਾਈ ਦਾ ਭੰਡਾਰ ਹੈ। ਗੁਰੂ ਨਾਨਕ ਸਾਹਿਬ ਨੇ ਇਸਦੇ ਗੌਰਵ ਨੂੰ ਪਛਾਣਿਆ ਤੇ ਸਾਡੇ ਤਕ ਪਹੁੰਚਾਉਣ ਦਾ ਲਿਖਤੀ ਉਪਰਾਲਾ ਕਰਕੇ ਇਕ ਮਹਾਨ ਉਪਕਾਰ ਕੀਤਾ ਹੈ।

1978 ਪਿਆਰਾ ਸਿੰਘ ਪਦਮ

(ਭਾਗ ਪਹਿਲਾ)

ਆਦਿ ਗੁਰੂ ਗ੍ਰੰਥ ਵਿਚ ਸੰਕਲਿਤ - 'ਫ਼ਰੀਦ-ਬਾਣੀ'

ਆਸਾ, ਸ਼ੇਖ ਫਰੀਦ ਜੀਉ ਕੀ ਬਾਣੀ

ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ
ਜਿਨ੍ਹ ਮਨਿ ਹੋਰ ਮੁਖਿ ਹੋਰ ਸਿ ਕਾਂਢੇ ਕਚਿਆ੧ ।੧।

ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ
ਵਿਸਰਿਆ ਜਿਨ੍ਹਾਂ ਨਾਮੁ ਤੇ ਭੁਇੰ ਥੀਏ। ੧ । ਰਹਾਉ।

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ। ੨ ।

ਪਰਵਦਗਾਰ੨ ਅਪਾਰ ਅਗਮ ਬੇਅੰਤ ਤੂ।
ਜਿਨ੍ਹਾਂ ਪਛਾਤਾ ਸਚੁ ਚੁੰਮਾ ਪੈਰ ਮੂੰ੩।੩।

ਤੇਰੀ ਪਨਹ੪ ਖੁਦਾਇ ਤੂੰ ਬਖਸ਼ੰਦਗੀ੫
ਸ਼ੇਖ ਫਰੀਦੈ ਖੈਰੁ ਦੀਜੈ ਬੰਦਗੀ।੪।੧।

ਆਸਾ

ਬੋਲੈ ਸ਼ੇਖ ਫਰੀਦੁ ਪਿਆਰੇ ਅਲਹੁ ਲਗੇ।
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ।੧।

---

੧ ਕਹੇ ਜਾਂਦੇ ਹਨ ੨ ਪਾਲਕ ੩ ਮੈਂ ੪ ਆਸਰਾ ੫ ਬਖਸ਼ਿਸ਼

ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆਂ੧
ਮਨਹੁ ਮਚਿੰਦੜੀਆਂ । ੧ । ਰਹਾਉ।
ਜੇ ਜਾਣਾ ਮਰਿ ਜਾਈਐ ਘੁੰਮਿ ਨ ਆਈਐ
ਝੂਠੀ ਦੁਨੀਆਂ ਲਗ ਨ ਆਪੁ ਵੰਞਾਈਐ । ੨ ।

ਬੋਲੀਐ ਸਚੁ ਧਰਮੁ ਝੂਠ ਨ ਬੋਲੀਐ
ਜੋ ਗੁਰੁ ਦਸੈ ਵਾਟ੨ ਮੁਰੀਦਾ ਜੋਲੀਐ।੩।

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ
ਕੰਚਨ ਵੰਨੇ ਪਾਸੇ ਕਲਵਤਿ੩ ਚੀਰਿਆ।੪।

ਸ਼ੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ
ਜਿਸ ਆਸਣ ਹਮ ਬੈਠੇ ਕੇਤੇ ਬੈਸਿ ਗਇਆ।੫।

ਕਤਿਕ ਕੂੰਜਾਂ ਚੇਤਿ ਡਉ੪ ਸਾਵਣਿ ਬਿਜੁਲੀਆਂ
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ।੬।

ਚਲੇ ਚਲਣਹਾਰ ਵਿਚਾਰਾ ਲੇਇ ਮਨੋ।
ਗੰਢੇਦਿਆਂ ਛਿਅ ਮਾਹ ਤੁੜੰਦਿਆਂ ਹਿਕੁ ਖਿਨੋ।੭।

ਜ਼ਿਮੀ ਪੁਛੈ ਅਸਮਾਨ ਫਰੀਦਾ, ਖੇਵਟ੫ ਕਿੰਨਿ ਗਏ
ਜਾਲਣ੬ ਗੋਰਾਂ ਨਾਲਿ, ਉਲ੍ਹਾਮੇ ਜੀਅ ਸਹੇ । ੮।੨।

---

੧ ਕੁਰਲਾਂਉਂਦੀਆਂ ਕੂੰਜਾਂ ੨ ਮਾਰਗ ੩ ਆਰਾ ੪ ਜੰਗਲ ਦੀ ਅੱਗ ੫ ਮਲਾਹ ੬ ਕਬਰਾਂ ਨਾਲ ਰਹਿਣਾ ਪੈਂਦਾ।

ਸੂਹੀ

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।
ਬਾਂਵਲਿ ਹੋਈ ਸਹੁ ਲੋਰਉ।
ਤੈ ਸਹਿ ਮਨ ਮਹਿ ਕੀਆ ਰੋਸੁ।
ਮੁਝੁ ਅਵਗੁਨ ਸਹ ਨਾਹੀ ਦੋਸੁ । ੧ ।
ਤੈਂ ਸਾਹਿਬ ਕੀ ਮੈਂ ਸਾਰ ਨ ਜਾਨੀ।
ਜੋਬਨੁ ਖੋਇ ਪਾਛੈ ਪਛੁਤਾਨੀ । ੧ । ਰਹਾਉ।

ਕਾਲੀ ਕੋਇਲ ਤੂ ਕਿਤ ਗੁਨ ਕਾਲੀ।
ਅਪਨੇ ਪ੍ਰੀਤਮ ਕੇ ਹਉ ਬਿਰਹੋ ਜਾਲੀ।
ਪਿਰਹਿ ਬਿਹੂਨ ਕਤਹਿ ਸੁਖੁ ਪਾਇ।
ਜਾ ਹੋਇ ਕ੍ਰਿਪਾਲ ਤ ਪ੍ਰਭੂ ਮਿਲਾਏ । ੨।

ਵਿਧਣ੧ ਖੂਹੀ ਮੁੰਧ ਇਕੇਲੀ। ਨਾ ਕੋ ਸਾਥੀ ਨਾ ਕੋ ਬੇਲੀ।
ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ।
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ।੩।

ਵਾਟ ਹਮਾਰੀ ਖਰੀ ਉਡੀਣੀ੨।
ਖੰਨਿਅਹੁ ਤਿਖੀ ਬਹੁਤੁ ਪਿਈਣੀ।੩।
ਉਸੁ ਊਪਰਿ ਹੈ ਮਾਰਗੁ ਮੇਰਾ।
ਸ਼ੇਖ ਫਰੀਦਾ ਪੰਥ ਸਮ੍ਹਾਰਿ ਸਵੇਰਾ।੪।

ਸੂਹੀ ਲਲਿਤ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ

---

੧ ਸੁੰਨਮ ਸੁੰਨੀ ੨ ਉਦਾਸੀ ਭਰੀ ੩ ਤਿੱਖੀ ੪ ਸਾਝਰੇ ਰਾਹ ਸੰਮਾਲ

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ।੧।
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ।੧।ਰਹਾਉ।

ਇਕ ਆਪੀਨੈ ਪਤਲੀ ਸਹ ਕੇ ਰੇ ਬੋਲਾ
ਦੁਧਾਂ ਥਣੀ'ਨ ਆਵਈ ਫਿਰਿ ਹੋਇ ਨ ਮੇਲਾ*।੨।

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ।**
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ।੩।

ਸਲੋਕ ਸ਼ੇਖ ਫਰੀਦ ਕੇ

ਜਿਤੁ ਦਿਹਾੜੈ ਧਨ੧ ਵਰੀ ਸਾਹੇ ਲਏ ਲਿਖਾਇ।
ਮਲਕੁ੨ ਜਿ ਕੰਨੀਂ ਸੁਣੀਦਾ ਮੁਹੁ ਦੇਖਾਲੇ ਆਇ।
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ।
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ।
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।
ਆਪਣ ਹਥੀ-ਜੋਲਿ ਕੈ ਕੈ ਗਲਿ ਲਗੈ ਧਾਇ।
ਵਾਲ੍ਹਹੁ ਨਿਕੀ ਪੁਰਸਲਾਤ੩ ਕੰਨੀਂ ਨ ਸੁਣੀਆਇ
ਫਰੀਦਾ ਕਿੜੀ੪ ਪਵੰਦੀਈ, ਖੜਾ ਨ ਆਪੁ ਮੁਹਾਇ੫।੧।

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ
ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾਂ ਘਤਿ।੨।

---

* ਸੰਜੋਗ ਨ ਹੋਣ ਕਰਕੇ ਸੁਪੁੱਤੀ ਨਹੀਂ ਹੁੰਦੀ।

** ਸ਼ਹੁ ਬੁਲਾਵਾ ਭੇਜਦਾ, ਰੂਹ ਦੁਚਿਤੀ ਵਿਚ ਫਾਥੀ ਤੁਰ ਜਾਵੇਗੀ।

੧ ਇਸਤ੍ਰੀ ੨ ਮੌਤ ਦਾ ਫਰਿਸ਼ਤਾ ੩ ਦੋਜ਼ਖ ਦਾ ਪੁਲ ੪ ਭੀੜ, ਸ਼ੋਰ ੫ ਨ ਲੁਟਾ।

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆਂ ਗੁਝੀ ਭਾਹਿ
ਸਾਂਈ ਮੇਰੈ ਚੰਗਾ ਕੀਤਾ ਨਾਹੀ ਤ ਹੰਭੀ ਦਝਾਂ ਆਹਿ।੩।

ਫਰੀਦਾ ਜੇ ਜਾਣਾਂ ਤਿਲ ਥੋੜੜੇ ਸੰਮਲਿ ਬੁਕੁ ਭਰੀ
ਜੇ ਜਾਣਾ ਸਹੁ ਨਢੜਾ ਤਾਂ ਥੋੜਾ ਮਾਣੁ ਕਰੀ।੪।

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ
ਤੈਂ ਜੇਵਡੁ ਮੈ ਨਾਹਿ ਕੋ ਸਭ ਜਗੁ ਡਿਠਾ ਹੰਢਿ।੫।

ਫਰੀਦਾ ਜੇ ਤੂ ਅਕਲਿ ਲਤੀਫ[੨] ਕਾਲੇ ਨ ਲੇਖੁ
ਆਪਨੜੈ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ।੬।

ਫਰੀਦਾ ਜੇ ਤੈਂ ਮਾਰਨਿ ਤਿਨਾ ਨ ਮਾਰੇ ਘੁੰਮਿ
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ।੭।

ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ
ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ।੮।

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ।੯।

ਦੇਖੁ ਫਰੀਦਾ ਜਿ ਥੀਆ ਸ਼ਕਰ ਹੋਈ ਵਿਸੁ
ਸਾਈਂ ਬਾਝਹੁ ਆਪਣੇ ਵੇਦਣ[੫] ਕਹੀਐ ਕਿਸੁ।੧੦।

---

੧ ਬੇਪ੍ਰਵਾਹ ੨ ਬੁਧਿਮਾਨ, ਦਾਨਾ ੩ ਬੁੱਕਲ ੪ ਕਰੜ ਬਰੜੀ
੫ ਦੁੱਖ।

ਫਰੀਦਾ ਅਖੀਂ ਦੇਖਿ ਪਤੀਣੀਆਂ[੧] ਸੁਣਿ ਸੁਣਿ ਰੀਣੇ[੨] ਕੰਨ
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ[੩]। ੧੧।

ਫਰੀਦਾ ਕਾਲੀਂ ਜਿਨ੍ਹੀ ਨ ਰਾਵਿਆ ਧਉਲੀਂ ਰਾਵੈ ਕੋਇ
ਕਰਿ ਸਾਂਈ ਸਿਉ ਪਿਰਹੜੀ[੪] ਰੰਗੁ ਨਵੇਲਾ ਹੋਇ।੧੨।

ਮ. ੩

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈਂ ਦੇਇ।੧੩

ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ[੫] ਮੈ ਡਿਠੁ
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਠਿ।੧੪।

ਫਰੀਦਾ ਕੂਕੇਂਦਿਆ ਚਾਂਗੇਦਿਆਂ ਮਤੀਂ ਦੇਦਿਆਂ ਨਿਤ।
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ।੧੫।

ਫਰੀਦਾ ਥੀਉ ਪਵਾਹੀ ਦਭੁ। ਜੇ ਸਾਂਈ ਲੋੜਹਿ ਸਭੁ।
ਇਕੁ ਛਿਜਹਿ ਬਿਆ ਲਤਾੜੀਅਹਿ।
ਤਾਂ ਸਾਂਈ ਦੈ ਦਰਿ ਵਾੜੀਅਹਿ।੧੬।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ
ਜੀਵਦਿਆਂ ਪੈਰਾ ਤਲੇ ਮੁਇਆ ਉਪਰਿ ਹੋਇ।੧੭

---

੧ ਨਿਗ੍ਹਾ ਮੱਧਮ ੨ ਖਾਲੀ ੩ ਰੰਗ ੪ ਪ੍ਰੀਤਿ ੫ ਅੱਖਾਂ।

ਫਰੀਦਾ ਜਾਂ ਲਬੁ੧ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ
ਕਿਚਰੁ ਝਤਿ੨ ਲਘਾਈਐ ਛਪਰਿ ਤੁਟੈ ਮੇਹੁ।੧੮।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ
ਵਸੀ ਰਬੁ ਹਿਆਲੀਐ੩ ਜੰਗਲੁ ਕਿਆ ਢੂਢੇਹਿ।੧੯।

ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮਿ
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ।੨੦।

ਫਰੀਦਾ ਰਾਤੀਂ ਵਡੀਆਂ ਧੁਖਿ ਧੁਖਿ ਉਠਨਿ ਪਾਸ।
ਧਿਗੁ ਤਿਨਾ ਦਾ ਜੀਵਿਆ ਜਿਨ੍ਹਾ ਵਿਡਾਣੀ੫ ਆਸ।੨੧।

ਫਰੀਦਾ ਜੇ ਮੈਂ ਹੋਂਦਾ ਵਾਰਿਆ ਮਿਤਾਂ ਆਇੜਿਆਂ
ਹੀਅੜਾ ੪ਜਲੈ ਮਜੀਠ ਜਿਉਂ ਉਪਰਿ ਅੰਗਾਰਾਂ।੨੨।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ
ਹੰਢੈ ਉਨ ਕਤਾਇੰਦਾ ਪੈਧਾ ਲੋੜੈ ਪਟੁ। ੨੩।

ਫਰੀਦਾ ਗਲੀਏ ਚਿਕੜ ਦੂਰਿ ਘਰੁ ਨਾਲਿ ਪਿਆਰੇ ਨੇਹੁ
ਚਲਾਂ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ।੨੪।

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਂਹੁ
ਜਾਇ ਮਿਲਾ ਤਿਨ੍ਹਾ ਸਜਣਾ ਤੁਟਉ ਨਾਹੀ ਨੇਹੁ।੨੫।

---

੧ ਲਾਲਚ ੨ ਕਿੰਨਾ ਕੁ ਸਮਾਂ ੩ ਹਿਰਦੇ ਵਿਚ ੪ ਹਿਰਦਾ, ਦਿਲ ੫ ਬਿਗਾਨੀ, ।

ਫਰੀਦਾ ਮੈਂ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ
ਗਹਿਲਾ੧ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ।੨੬

ਫਰੀਦਾ ਸਕਰ ਖੰਡੁ ਨਿਵਾਤ੨ ਗੁੜੁ ਮਾਖਿਉ, ਮਾਝਾ ਦੁਧੁ
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ।੨੭।

ਫਰੀਦਾ ਰੋਟੀ ਮੇਰੀ ਕਾਠ ਕੀੜ ਲਾਵਣੁ੪ ਮੇਰੀ ਭੁੱਖ
ਜਿਨ੍ਹਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ ।੨੮।

ਰੁਖੀ ਸੁਖੀ ਖਾਇਕੇ ਠੰਢਾ ਪਾਣੀ ਪੀਉ
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ।੨੯

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ
ਜਾਇ ਪੁਛਹੁ ਡੋਹਾਗਣੀ੫ ਤੁਮ ਕਿਉ ਰੈਣਿ ਵਿਹਾਇ।੩੦।

ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ।੩੧।

ਮ. ੧

ਸਾਹੁਰੈ ਪੇਈਐ੬ ਕੰਤ ਕੀ ਕੰਤ ਅਗੰਮੁ ਅਥਾਹੁ
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ।੩੨।

---

੧ ਝੱਲਾ ੨ ਮਿਸਰੀ ੩ ਕਾਠ ਵਰਗੀ ਸੁੱਕੀ ੪ ਸਲੂਣਾ (ਦਾਲ ਸਬਜ਼ੀ)
੫ ਪੀਆ ਤੋਂ ਵਿਛੜੀਆਂ ੬ ਸਹੁਰੇ ਪੇਕੇ ਹਰ ਥਾਂ ਪਤੀ-ਪ੍ਰੇਮਣਾਂ।

ਨਾਤੀ ਧੋਤੀ ਸੰਬਹੀ[੧] ਸੁਤੀ ਆਇ ਨਚਿੰਦੁ
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ, ਗਈ ਕਥੂਰੀ ਗੰਧੁ।੩੩।

ਜੋਬਨ ਜਾਂਦੇ ਨਾ ਡਰਾਂ ਜੇ ਸਹੁ ਪ੍ਰੀਤਿ ਨ ਜਾਇ
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ।੩੪।

ਫਰੀਦਾ ਚਿੰਤ ਖਟੋਲਾ[੨] ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ
ਏਹੁ ਹਮਾਰਾ ਜੀਵਣਾ, ਤੂ ਸਾਹਿਬ ਸਚੇ ਵੇਖੁ।੩੫।

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ
ਫਰੀਦਾ ਜਿਤੁ ਤਨ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ।੩੬।

ਫਰੀਦਾ ਏ ਵਿਸੁ ਗੰਦਲਾਂ ਧਰੀਆਂ ਖੰਡੁ ਲਿਵਾੜਿ
ਇਕਿ ਰਾਹੇਦੇ[੩] ਰਹਿ ਗਏ ਇਕਿ ਰਾਧੀ[੪] ਗਏ ਉਜਾੜਿ।੩੭।

ਫਰੀਦਾ ਚਾਰਿ ਗਵਾਇਆ ਹੰਢਿਕੈ ਚਾਰਿ ਗਵਾਇਆ ਸੰਮਿ[੫]
ਲੇਖਾ ਰਬ ਮੰਗੇਸੀਆ ਤੂ ਆਹੋ ਕੇਰ੍ਹੇ ਕੰਮਿ[੬]।੩੮।

ਫਰੀਦਾ ਦਰਿ ਦਰਵਾਜੇ ਜਾਇਕੈ ਕਿਉਂ ਡਿਠੋ ਘੜੀਆਲੁ
ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ।੩੯।

ਘੜੀਏ ਘੜੀਏ ਮਾਰੀਐ ਪਹਰੀਂ ਲਹੈ ਸਜਾਇ
ਸੋ ਹੀਅੜਾ ਘੜੀਆਲੁ ਜਿਉ ਡੁਖੀ ਰੈਣਿ ਵਿਹਾਇ।੪੦।

---

੧ ਸਜੀ ਫਬੀ ੨ ਮੰਜੀ ੩ ਬੀਜਦੇ ੪ ਬੀਜੀ ਹੋਈ
੫ ਸੌਂ ਕੇ ੬ ਕਿਸ ਕੰਮ ਆਇਆਹੀ।

ਬੁੱਢਾ ਹੋਆ ਸ਼ੇਖ ਫਰੀਦੁ ਕੰਬਣਿ ਲਗੀ ਦੇਹ
ਜੇ ਸਉ ਵਰ੍ਹਿਆਂ ਜੀਵਣਾ ਭੀ ਤਨ ਹੋਸੀ ਖੇਹ।੪੧।

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।੪੨।

ਕੰਧਿ੧ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰ੨
ਫਰੀਦਾ ਹਉ ਲੋੜੀਂ ਸਹੁ ਆਪਣਾ ਤੂ ਲੋੜਹਿ ਅੰਗਿਆਰ।੪੩।

ਫਰੀਦਾ ਇਕਨ੍ਹਾ ਆਟਾ ਅਗਲਾ੨ ਇਕਨ੍ਹਾ ਨਾਹੀ ਲੋਣੁ
ਅਗੈ ਗਏ ਸਿੰਞਾਪਸਨਿ੍ ਚੋਟਾਂ ਖਾਸੀ ਕਉਣੁ।੪੪।

ਪਾਸ ਦਮਾਮੇ ਛਤੁ੩ ਸਿਰਿ ਭੇਰੀ ਸਡੋ ਰਡ
ਜਾਇ ਸੁਤੇ ਜੀਰਾਣ੪ ਮਹਿ ਥੀਏ ਅਤੀਮਾ ਗਡ੫।੪੫।

ਫਰੀਦਾ ਕੋਠੇ ਮੰਡਪ ਮਾੜੀਆਂ ਉਸਾਰੇਂਦੇ ਭੀ ਗਏ।
ਕੂੜਾ ਸਉਦਾ ਕਰਿ ਗਏ ਗੋਰੀਂ ਆਇ ਪਏ।੪੬।

ਫਰੀਦਾ ਖਿੰਥੜਿ ਮੇਖਾਂ ਅਗਲੀਆਂ ਜਿੰਦੁ ਨ ਕਾਈ ਮੇਖ*
ਵਾਰੀ ਆਪੋ ਆਪਣੀ ਚਲੇ ਮਸਾ ਇਕ ਸ਼ੇਖ।੪੭।

---

੧ ਕੰਨ੍ਹੇ ਉਤੇ ਘੜਾ ਚੁੱਕੀ (ਲੁਹਾਰ ਜੰਗਲ ਦੇ ਸਿਰੇ ਤੇ ਖੜਾ ਹੈ) ੨ ਬਹੁਤਾ
੩ ਛਤਰ ੪ ਮਰਘਟ ੫ ਯਤੀਮਾਂ ਵਾਂਗ ਦੱਬ ਦਿੱਤੇ, ਕਬਰਾਂ ਵਿਚ।
* ਕਫਨੀ ਨੂੰ ਟਾਕੀਆਂ ਲਗ ਜਾਂਦੀਆਂ ਹਨ। ਪਰ ਪਾਟੀ ਜਿੰਦੜੀ ਨੂੰ ਨਹੀਂ।

ਫਰੀਦਾ ਦੁਹੁ ਦੀਵੀਂ ਬਲੰਦਿਆ ਮਲਕੁ੧ ਬਹਿਠਾ ਆਇ
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।੪੮।

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ
ਕਮਾਦੈ ਅਰੁ ਕਾਗਦੈ ਕੁੰਨੇ੨ ਕੋਇਲਿਆਹ
ਮੰਦੇ ਅਮਲ ਕਰੇਦਿਆਂ ਏਹ ਸਜ਼ਾਇ ਤਿਨਾਹ।੪੯।

ਫਰੀਦਾ ਕੰਨਿ ਮੁਸੱਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ੩
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ।੫੦

ਫਰੀਦਾ ਰਤੀ ਰਤੁ੪ ਨ ਨਿਕਲੈ ਜੇ ਤਨ ਚੀਰੈ ਕੋਇ
ਜੋ ਤਨ ਰਤੇ ਰਬ ਸਿਉ, ਤਿਨ ਤਨਿ ਰਤੁ ਨ ਹੋਇ।੫੧।

ਮ. ੩

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ
ਜੋ ਸਹ ਰਤੇ ਆਪਣੇ ਤਿਤ ਤਨਿ ਲੋਭ ਰਤੁ ਨ ਹੋਇ
ਭੈ ਪਇਆ ਤਨੁ ਖੀਣ ਹੋਇ ਲੋਭੁ ਰਤੁ ਵਿਚਹੁ ਜਾਇ
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ
ਦੁਰਮਤਿ ਮੈਲੁ ਗਵਾਇ।
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ।੫੨

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ੫
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ।੫੩।

---

੧ ਫਰਿਸ਼ਤਾ ਮੌਤ ਦਾ ੨. ਚੁਲ੍ਹਾ ੩ ਦਿਲ ਵਿਚ ਛੁਰੀ ਤੇ ਮੂੰਹ ਵਿੱਚ ਮਿੱਠਤ ੪ ਲਹੂ ੫ ਵਸਤੂ, ਪਦਾਰਥ।

ਫਰੀਦਾ ਨੰਢੀ੧ ਕੰਤੁ ਨ ਰਾਵਿਓ ਵਡੀ ਥੀਂ ਮੁਈਆਸੁ
ਧਨ ਕੂਕੇਂਦੀ ਗੋਰ ਮੈਂ ਤੈਂ ਸਹ ਨਾ ਮਿਲੀਆਸੁ।੫੪।

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ।੫੫

ਫਰੀਦਾ ਕੋਠੇ ਧੁਕਣ੨ ਕੇਤੜਾ ਪਿਰ ਨੀਂਦੜੀ ਨਿਵਾਰਿ
ਜੋ ਦਿਹੁੰ ਲਧੇ ਗਾਣਵੇ ੩, ਗਏ ਵਿਲਾੜਿ ਵਿਲਾੜਿ।੫੬।

ਫਰੀਦਾ ਕੋਠੇ ਮੰਡਪ ਮਾੜੀਆਂ ਏਤੁ ਨ ਲਾਏ ਚਿਤੁ
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ।੫੭।

ਫਰੀਦਾ ਮੰਡਪ ਮਾਲੁ ਨ ਲਾਇ ਮਰਗਸਤਾਣੀ੪ ਚਿਤਿ ਧਰਿ
ਸਾਈ ਜਾਇ ਸਮਾਲਿ ਜਿਥੈ ਹੀ ਤਉ ਵੰਞਣਾ।੫੮।

ਫਰੀਦਾ ਜਿਨ੍ਹੀ ਕੰਮੀਂ ਨਾਹਿ ਗੁਣ ਤੇ ਕੰਮੜੇ ਵਿਸਾਰਿ
ਮਤੁ ਸਰਮਿੰਦਾ ਥੀਵਈਂ ਸਾਂਈ ਦੈ ਦਰਬਾਰਿ।੫੯।

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ੫
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ੬।੬੦।

ਫਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸੁ
ਗੁਨਹੀਂ ਭਰਿਆ ਮੈ ਫਿਰਾਂ ਲੋਕੁ ਕਹੈ ਦਰਵੇਸੁ।੬੧।

---

੧. ਅਲਬੇਲੀ, ਅੱਲ੍ਹੜ ੨ ਧੁਖ-ਧੁਖਾਹਟ ੩ ਗਿਣਤੀ ਦੇ
੪ ਕਬਰਸਤਾਨ ੫ ਭਰਮ ਭੁਲੇਖਾ ੬ ਜੇਰਾ ਧੀਰਜ।

ਤਤੀ ਤੋਇ ਨ ਪਲਵੈ੧ ਜੇ ਜਲਿ ਟੁਬੀ ਦੇਇ
ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਂਦੀ ਝੂਰੇਇ।੬੨।

ਜਾਂ ਕੁਆਰੀ ਤਾਂ ਚਾਉ ਵੀਵਾਹੀ ਤਾਂ ਮਾਮਲੇ
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ।੬੩।

ਕਲਰ ਕੇਰੀ ਛਪੜੀ ਆਇ ਉਲਥੇ ਹੰਝ੨
ਚਿੰਜੂ ਬੋੜਨਿ ਨਾ ਪੀਵਹਿ ਉਡਣ ਸੰਦੀ ਡੰਝ੩।੬੪।

ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ
ਗਹਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ।੬੫।

ਚਲਿ ਚਲਿ ਗਈਆਂ ਪੰਖੀਆਂ ਜਿਨੀ ਵਸਾਏ ਤਲ
ਫਰੀਦਾ ਸਰੁ ਭਰਿਆ ਭੀ ਚਲਸੀ ਥਕੇ* ਕਵਲ ਇਕਲ।੬੬।

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ
ਕੇਤੜਿਆਂ ਜੁਗ ਵਾਪਰੇ ਇਕਤੁ ਪਇਆ ਪਾਸਿ।੬੭।

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ
ਅਜਰਾਈਲ ਫਰੇਸ਼ਤਾ ਕੈ ਘਰਿ ਨਾਠੀ ਅਜੁ।੬੮।

ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲੱਜ
ਜੇ ਸਜਣ ਭੁਇਂ ਭਾਰ ਥੀਏ, ਸੇ ਕਿਉਂ ਆਵਹਿ ਅਜੁ।੬੯।

---

੧. ਪਾਣੀ ਦੀ ਮਾਰੀ ਖੇਤੀ ਮੁੜ ਨਹੀਂ ਉਠਦੀ ੨ ਹੰਸ ੩ ਤਾਂਘ

* ਸ਼ਾਯਦ ਪਾਠ 'ਟਹ..' ਹੋਵੇ, ਇਹ ਅਨੁਮਾਨ ਹੈ।

ਫਰੀਦਾ ਬੇਨਿਵਾਜ਼ਾ ਕੁਤਿਆ *ਏਹ ਨ ਭਲੀ ਰੀਤਿ
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ।੭੦।

ਉਠੁ ਫਰੀਦਾ ਉਜੂ੧ ਸਾਜਿ ਸੁਬਹ ਨਿਵਾਜ ਗੁਜਾਰਿ
ਜੋ ਸਿਰੁ ਸਾਂਈ ਨਾ ਨਿਵੇ ਸੋ ਸਿਰ ਕਪਿ ਉਤਾਰਿ।੭੧।

ਜੋ ਸਿਰ ਸਾਂਈ ਨਾ ਨਿਵੈ ਸੋ ਸਿਰੁ ਕੀਜੈ ਕਾਇ
ਕੁੰਨੈ ਹੇਠਿ ਜਲਾਈਐ ਬਾਲਣ ਸੰਦੈ ਥਾਇ।੭੨।

ਮ. ੫

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ
ਮੰਦਾ ਕਿਸਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ।੭੩।

ਫਰੀਦਾ ਕਿਥੈ ਤੈਂਡੇ ਮਾਪਿਆ ਜਿਨੀਂ ਤੂ ਜਣਿਓਹਿ
ਤੈਂ ਪਾਸਹੁੰ ਓਇ ਲਦਿ ਗਏ ਤੂੰ ਅਜੇ ਨ ਪਤੀਣੋਹਿ੨।੭੪।

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ
ਅਗੈ ਮੂਲਿ ਨ ਆਵਸੀ ਦੋਜ਼ਕ ਸੰਦੀ ਭਾਹਿ।੭੫।

ਫਰੀਦਾ ਜਿ ਦਿਹਿੰ ਨਾਲਾ ਕਪਿਆ ਜੇ ਗਲੁ ਕਪਹਿ ਚੁਖ੧
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ।੭੬।

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ੨

---

੧. ਜਿਸ ਦਿਨ ਨਾੜੂਆ ਕੱਟਿਆ ਸੀ, ਗਲ ਹੀ ਕਟ ਦਿੱਤਾ ਜਾਂਦਾ
੨ ਦੰਦ, ਪੈਰ, ਅੱਖਾਂ ਤੇ ਕੰਨ। * ਸ਼ੈਦ ਪਾਠ ਘੁੱਥਿਆ ਹੋਵੇ।

ਹੀਅੜੇ ਮੁਤੀ ਧਾਹ ਸੇ ਜਾਨੀ ਚਲਿ ਗਏ।੭੭।*

ਫਰੀਦਾ ਬੁਰੇ ਦਾ ਭਲਾ, ਕਰਿ ਗੁਸਾ ਮਨਿ ਨ ਹਢਾਇ
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।੭੮।

ਫਰੀਦਾ ਪੰਖਿ ਪਰਾਹੁਣੀ ਦੁਨੀ ਸੁਹਾਵਾ ਬਾਗੁ
ਨਉਬਤਿ੧ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ।੭੯।

ਫਰੀਦਾ ਰਾਤਿ ਕਥੂਰੀ੨ ਵੰਡੀਐ ਸੁਤਿਆ ਮਿਲੈ ਨ ਭਾਉ।
ਜਿੰਨਾ ਨੈਣ ਨੀਦ੍ਰਾਵਲੇ ਤਿੰਨਾ ਮਿਲਣੁ ਕੁਆਉ।੮੦।

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ
ਊਚੇ ਚੜਿ ਕੇ ਦੇਖਿਆ ਤਾਂ ਘਰਿ ਘਰਿ ਏਹਾ ਅਗਿ।੮੧।

ਮਹਲ ੫
ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ
ਜੋ ਜਨ ਪੀਰਿ ਨਿਵਾਜਿਆ ਤਿੰਨਾ ਅੰਚ੩ ਨ ਲਾਗ।੮੨।

ਮਹਲਾ ੫
ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ
ਵਿਰਲੇ ਕੇਈ ਪਾਈਅਨਿ ਜਿੰਨਾ ਪਿਆਰੇ ਨੇਹੁ।੮੩।

ਕੰਧੀ੪ ਵਹਣ! ਨ ਢਾਹਿ, ਤਉ ਭੀ ਲੇਖਾ ਦੇਵਣਾ

* ਦਿਲ ਨੇ ਧਾਹ ਮਾਰੀ ਕਿ ਪਿਆਰੇ ਲੱਦ ਗਏ।
੧. ਨਗਾਰਾ ੨ ਕਸਤੂਰੀ ੩ ਸੇਕ ੪ ਕੰਢਾ।

ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ।੮੪।

ਫਰੀਦਾ ਡੁਖਾਂ ਸੇਤੀ ਦਿਹੁੰ ਗਇਆ ਸੂਲਾਂ ਸੇਤੀ ਰਾਤਿ
ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ੧।੮੫।

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣਿ ਰਹੈ ਸੁਚੇਤਿ।੮੬।

ਫਰੀਦਾ ਗਲੀਂ ਸੁ ਸਜਣ ਵੀਹ ਇਕੁ ਢੂੰਢੇਂਦੀ ਨ ਲਹਾਂ
ਧੁਖਾਂ ਜਿਉ ਮਾਲੀਹ੨ ਕਾਰਣਿ ਤਿਨ੍ਹਾ ਮਾ ਪਿਰੀ।੮੭।

ਫਰੀਦਾ ਇਹੁ ਤਨੁ ਭਉਂਕਣਾ ਨਿਤ ਨਿਤ ਦੁਖੀਐ ਕਉਣੁ
ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ।੮੮।

ਫਰੀਦਾ ਰਬ ਖਜੂਰੀਂ ਪਕੀਆਂ ਮਾਖਿਅ ਨਈ ਵਹੰਨਿ
ਜੋ ਜੋ ਵੰਞੈ ਡੀਹੜਾ੩ ਸੋ ਉਮਰ ਹਥ ਪਵੰਨਿ।੮੯।

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ
ਅਜੈ ਸੁ ਰਬੁ ਨ ਬਹੁੜਿਓ ਦੇਖੁ ਬੰਦੇ ਕੇ ਭਾਗ।੯੦।

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ
ਏ ਦੁਇ ਨੈਨਾ ਮਤਿ ਛੁਹਉ, ਪਿਰ ਦੇਖਨ ਕੀ ਆਸ।੯੧।

ਕਾਗਾ! ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂੰ੪ ਖਾਹਿ।੯੨

੧. ਘੁੰਮਣ ਘੇਰੀ ਦੇ ਮੂੰਹ ੨ ਗਿੱਲੀ ਪਾਥੀ ੩ ਦਿਨ ੪ ਉਸਦਾ।

ਫਰੀਦਾ ਗੋਰ ਨਿਮਾਣੀ ਸਡੁ ਕਰੇ, ਨਿਘਰਿਆ ਘਰਿ ਆਉ
ਸਰਪਰ੧ ਮੈਥੈ ਆਵਣਾ ਮਰਣਹੁ ਨਾ ਡਰਿਆਹੁ।੯੩।

ਏਨੀ ਲੋਇਣੀਂ ਦੇਖਦਿਆਂ ਕੇਤੀ ਚਲਿ ਗਈ
ਫਰੀਦਾ ਲੋਕਾਂ ਆਪੋ ਆਪਣੀ ਮੈਂ ਆਪਣੀ ਪਈ।੯੪।

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ।੯੫।

ਕੰਧੀਂ ਉਤੇ ਰੁਖੜਾ ਕਿਚਰਕੁ੧ ਬੰਨੈ ਧੀਰੁ।
ਫਰੀਦਾ ਕਚੈ ਭਾਂਡੇ ਰਖੀਐ ਕਿਚਰ ਤਾਂਈ ਨੀਰੁ।੯੬

ਫਰੀਦਾ ਮਹਲ ਨਿਸੱਖਣ੨ ਰਹਿ ਗਏ ਵਾਸਾ ਆਇਆ ਤਲਿ।
ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ।
ਆਖੀਂ ਸ਼ੇਖਾ ! ਬੰਦਗੀ ਚਲਣੁ ਅਜੁ ਕਿ ਕਲਿ।੯੭।

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰਿਆਵੈ ਢਾਹਾ।
ਅਗੈ ਦੋਜ਼ਕ ਤਪਿਆ ਸੁਣੀਐ ਹੂਲ੩ ਪਵੈ ਕਹਾਹਾ।
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ।
ਅਮਲ ਜੀ ਕੀਤਿਆ ਦੁਨੀ ਵਿਚ ਸੇ ਦਰਗਹਿ ਓਗਾਹਾ।੯੮

ਫਰੀਦਾ ਦਰਿਆਵੈ ਕੰਨ੍ਹੈ ਬਗੁਲਾ ਬੈਠਾ ਕੇਲ੪ ਕਰੇਇ
ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏਇ।
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ।
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀਂ ਰਬ ਕੀਆਂ।੯੯।

---

੧. ਕਿੰਨਾ ਚਿਰ ੨ ਖਾਲੀ ੩ ਹਾਹਾਕਾਰ ੪ ਕਲੋਲਾਂ

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ।
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ।
ਮਲਕੁਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ।
ਤਿਨਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ।
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ।
ਫਰੀਦਾ ਅਮਲ ਜਿ ਕੀਤੇ ਦੁਨੀ ਵਿਹਿ ਦਰਗਹ ਆਏ ਕੰਮਿ।੧੦੦।

ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿਨ੍ਹਾ ਵਾਸੁ।
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ।੧੦੧।

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ।
ਚਾਰੇ ਕੁੰਡਾ੧ ਢੂੰਢੀਆਂ ਰਹਣੁ ਕਿਥਾਊ ਨਾਹਿ।੧੦੨।

ਫਰੀਦਾ ਪਾੜਿ ਪਟੋਲਾ ਧਜ੨ ਕਰੀ ਕੰਬਲੜੀ ਪਹਿਰੇਉ।
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ।੧੦੩।

ਮਹਲਾ ੩

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ।
ਨਾਨਕ ਘਰ ਹੀ ਬੈਠਿਆ ਸਹੁ ਮਿਲੈ, ਜੇ ਨੀਅਤਿ ਰਾਸਿ ਕਰੇਇ।੧੦੪।

ਮਹਲਾ ੫

ਫਰੀਦਾ ਗਰਬੁ ਜਿਨਾ ਵਡਿਆਈਆ, ਧਨਿ ਜੋਬਨਿ ਅਗਾਹ੩
ਖਾਲੀ ਚਲੇ ਧਣੀ ਸਿਉ, ਟਿਬੇ ਜਿਉ ਮੀਂਹਾਹੁ।੧੦੫।

ਫਰੀਦਾ ਤਿਨਾ ਮੁਖ ਡਰਾਵਣੇ, ਜਿਨਾ ਵਿਸਾਰਿਓਨੁ ਨਾਉ।
ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ।੧੦੬।

---

੧. ਪਾਸੇ ੨ ਰੇਸ਼ਮੀ ਚਾਦਰ ਪਾੜ ਕੇ ਲੀਰਾਂ ਕਰ ਦਿਆਂ ੩ ਬੇਅੰਦਾਜ਼

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵੰਦੜੋ ਮੁਇਓਹਿ
ਜੇ ਤੈਂ ਰਬੁ ਵਿਸਾਰਿਆ, ਤ ਰਬਿ ਨ ਵਿਸਰਿਓਹਿ।੧੦੭।

ਮਹਲਾ ੫

ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ
ਅਲਹੁ ਸੇਤੀ ਰਤਿਆ, ਏਹੁ ਸਚਾਵਾਂ ਸਾਜੁ।੧੦੮।

ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ
ਅਲਹੁ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ।੧੦੯।

ਮ. ੫

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ।੧੧੦।

ਮ. ੫

ਫਰੀਦਾ ਦਿਲੁ ਰਤਾ੧ ਇਸੁ ਦੁਨੀ ਸਿਉਂ ਦੁਨੀ ਨ ਕਿਤੈ ਕੰਮਿ
ਮਿਸਲ ਫਕੀਰਾਂ ਗਾਖੜੀ੨ ਸੁ ਪਾਈਐ ਪੂਰ ਕਰੰਮਿ।੧੧੧।

ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ
ਜੋ ਜਾਗੰਨ੍ਹਿ ਲਹੰਨਿ ਸੇ ਸਾਈਂ ਕੰਨਹੁ ਦਾਤਿ।੧੧੨।

ਮਹਲਾ ੧

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ
ਇਕਿ ਜਾਗੰਦੇ ਨ ਲਹਨਿ ਇਕਨ੍ਹਾ ਸੁਤਿਆ ਦੇਇ ਉਠਾਲਿ।੧੧੩।

ਢੂਢੇਂਦੀਏ ਸੁਹਾਗ ਕੂੰ ਤਉ ਤਨਿ ਕਾਈ ਕੋਰ੩
ਜਿਨ੍ਹਾਂ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ।੧੧੪।

---

੧. ਸੰਸਾਰੀ ਮੋਹ ਵਿਚ ਰੰਗਿਆ ੨ ਦਰਵੇਸ਼ੀ ਕਾਰ ਬਿਖਮ ਹੈ
੩ ਘਾਟ, ਕਮੀ।

ਸਬਰ ਮੰਝ ਕਮਾਣ ਏ ਸਬਰ ਕਾ ਨੀਹਣੋ
ਸਬਰ ਸੰਦਾ ਬਾਣੁ, ਖਾਲਕੁ ਖਤਾ ਨ ਕਰੀ।੧੧੫।
ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ
ਹੋਨਿ ਨਜ਼ੀਕਿ ਖੁਦਾਇ ਦੇ ਭੇਤੁ ਨ ਕਿਸੈ ਦੇਨਿ।੧੧੬।
ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ
ਵਧਿ ਥੀਵਹਿ ਦਰੀਆਉ, ਟੁਟਿ ਨ ਥੀਵਹਿ ਵਾਹੜਾ।੧੧੭।

ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ
ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ।੧੧੮।

ਤਨੁ ਤਪੈ ਤਨੂਰ ਜਿਉਂ ਬਾਲਣੁ ਹਡ ਬਲੰਨਿ
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ।੧੧੯।

ਮਹਲਾ ੧

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ
ਸਿਰਿ ਪੈਰੀਂ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ।੧੨੦।

ਮਹਲਾ ੪

ਹਉ ਢੂੰਢੇਂਦੀ ਸਜਣਾ ਸਜਣੁ ਮੈਡੇ ਨਾਲਿ
ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ।੧੨੧।

ਫਰੀਦਾ ਹੰਸਾ ਦੇਖਿ ਤਰੰਦਿਆਂ ਬਗਾ ਭਿ ਆਇਆ ਚਾਉ
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ।੧੨੨।

ਮੈ ਜਾਨਿਆ ਵਡ ਹੰਸੁ ਹੈ ਤਾਂ ਮੈਂ ਕੀਤਾ ਸੰਗੁ
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀਂ ਅੰਗੁ।੧੨੩।

ਮ. ੧
ਕਿਆ ਹੰਸੁ ਕਿਆ ਬਗੁਲਾ ਜਾਂਕਉ ਨਦਰਿ ਧਰੇ
ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ।੧੨੪।
ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ।
ਇਹੁ ਤਨੁ ਲਹਰੀਂ ਗਡੁ ਥਿਆ ਸਚੇ ਤੇਰੀ ਆਸ।੧੨੫।

ਕਵਣੁ ਸੁ ਅਖਰੁ ਕਵਣ ਗੁਣੁ ਕਵਣੁ ਸੁ ਮਣੀਆ ਮੰਤੁ੧।
ਕਵਣੁ ਸੁ ਵੇਸੋ ਹਉਂ ਕਰੀ, ਜਿਤੁ ਵਸਿ ਆਵੈ ਕੰਤੁ।੧੨੬।

ਨਿਵਣੁ੨ ਸੁ ਅਖਰੁ ਖਵਣੁ੩ ਗੁਣੁ, ਜਿਹਬਾ ਮਣੀਆ ਮੰਤੁ।
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ।੧੨੭।

ਮਤਿ ਹੋਂਦੀ ਹੋਇ ਇਆਣਾ। ਤਾਣ ਹੋਦੈ ਹੋਇ ਨਿਤਾਣਾ
ਅਣਹੋਂਦੇ ਆਪੁ ਵੰਡਾਏ, ਕੋ ਐਸਾ ਭਗਤੁ ਸਦਾਏ।੧੨੮।

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ।
ਹਿਆਉ ਨ ਕੈਹੀ ਠਾਹਿ੪, ਮਾਣਕ ਸਭ ਅਮੋਲਵੇ।੧੨੯।

ਸਭਨਾ ਮਨ ਮਾਣਿਕ ਠਾਹਣੁ ਮੂਲ ਮਚਾਂਗਵਾ।
ਜੇਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ੪।੧੩੦।
[ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭੭ - ੮੫

ਨੋਟ :- ਸ਼ੇਖ ਫਰੀਦ ਜੀ ਦੇ ਕੁਲ ੧੧੨ ਸਲੋਕ ਹਨ ਤੇ ਬਾਕੀ ੧੮ ਸਲੋਕ, ਗੁਰੂਆਂ ਵਲੋਂ ਕੀਤੀਆਂ ਸੋਧਕਾਰੀ ਤੇ ਬੋਧਕਾਰੀ ਟਿਪਣੀਆਂ ਹਨ।

---

੧. ਮਣੀ ਮੰਤਰ ੨ ਨਿੰਮ੍ਰਤਾ ੩ ਸਹਿਨਸ਼ੀਲਤਾ ੪ ਦਿਲ ਨ ਦੁਖਾ।

(ਭਾਗ ਦੂਜਾ)

ਆਦਿਗ੍ਰੰਥ ਦੀ ਬੀੜ ਤੋਂ ਬਾਹਰਲੀ ਫਰੀਦ-ਰਚਨਾ

ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਗੁਰੂਆਂ ਤੋਂ ਇਲਾਵਾ ਇਨ੍ਹਾਂ 15 ਭਗਤਾਂ ਤੇ ਦਰਵੇਸ਼ਾਂ ਦੀ ਬਾਣੀ ਸ਼ਾਮਲ ਹੈ - ਜੈਦੇਵ, ਫਰੀਦ, ਨਾਮਦੇਵ, ਤ੍ਰਿਲੋਚਨ, ਰਾਮਾਨੰਦ, ਕਬੀਰ, ਬੇਣੀ, ਸਧਨਾ, ਸੈਣ, ਪੀਪਾ, ਧੰਨਾ, ਭੀਖਨ, ਰਵਿਦਾਸ, ਪਰਮਾਨੰਦ ਤੇ ਸੂਰਦਾਸ। ਇਨ੍ਹਾਂ ਵਿਚੋਂ ਕਈ ਸੰਤ ਕਵੀ ਅਜੇਹੇ ਹਨ ਜਿਨ੍ਹਾਂ ਦੀ ਕਾਫੀ ਰਚਨਾ ਹੋਰ ਵੀ ਮਿਲਦੀ ਹੈ, ਜਿਵੇਂ ਨਾਮਦੇਵ ਦੇ ਮਰਾਠੀ ਅਭੰਗ ਤਕੜੀ ਮਾਤਰਾ ਵਿਚ ਪ੍ਰਾਪਤ ਹਨ। ਰਾਮਾਨੰਦ ਦਾ ਬੀੜ ਵਿਚ ਇਕੋ ਸ਼ਬਦ ਸ਼ਾਮਲ ਹੈ ਜਦ ਕਿ ਵਿਦਵਾਨ ਖੋਜੀਆਂ ਉਸ ਦੀ ਹੋਰ ਰਚਨਾਵਲੀ ਵੀ ਲੱਭ ਕੇ ਪ੍ਰਕਾਸ਼ਤ ਕੀਤੀ ਹੈ। ਕਬੀਰ ਦੀ ਬਾਣੀ ਕਾਫੀ ਬਾਹਰ ਹੋਣ ਬਾਰੇ ਕਿਸੇ ਨੂੰ ਸ਼ੰਕਾ ਹੀ ਨਹੀਂ ਭਾਵੇਂ ਉਹ ਸਾਰੀ ਪ੍ਰਮਾਣਿਕ ਨਹੀਂ ਪਰ ਇਹ ਮੰਨਣਾ ਪਵੇਗਾ ਕਿ ਕੁਝ ਰਚਨਾ ਐਸੀ ਹੈ ਜੋ ਕਬੀਰ ਦੀ ਹੀ ਰਚੀ ਹੋਈ ਹੈ। ਇਸ ਕਿਸਮ ਦੀ ਰਚਨਾਵਲੀ ਬਾਬੂ ਸ਼ਯਾਮਸੁੰਦਰ ਦਾਸ ਤੇ ਸ੍ਰੀ ਅਯੋਧਯਾ ਸਿੰਹੁ ਉਪਾਧਿਆਇ ਆਦਿ ਨੇ ਸੰਕਲਿਤ ਕੀਤੀ ਹੈ। 'ਰੈਦਾਸ ਜੀ ਕੀ ਬਾਨੀ' ਨਾਮ ਹੇਠ ਭਗਤ ਰਵਿਦਾਸ ਜੀ ਦੀ ਕੁਝ ਕੁ ਰਚਨਾ, ਕਿਸੇ ਸਮੇਂ ਵੈਲਡੇਯਰ ਪ੍ਰੈਸ ਵਲੋਂ ਪ੍ਰਕਾਸ਼ਤ ਕੀਤੀ ਗਈ ਸੀ। ਸਧਨੇ ਭਗਤ ਦੇ ਕੁਝ ਦੋਹਰੇ ਹੱਥ-ਲਿਖਤਾਂ ਵਿਚ ਅਣਛਪੇ ਵੀ ਮਿਲਦੇ ਹਨ। ਹੁਣ

ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਇਕ ਦਮ ਅਪ੍ਰਮਾਣਿਕ ਕਹਿ ਕੇ ਸੁੱਟਿਆ ਨਹੀਂ ਜਾ ਸਕਦਾ। ਇਹ ਠੀਕ ਹੈ ਕਿ ਇਨ੍ਹਾਂ ਵਿਚ ਕੁਝ ਕੁ ਅੰਸ਼ ਅਜੇਹਾ ਵੀ ਹੋਵੇਗਾ ਪਰ ਇਨ੍ਹਾਂ ਦੀ ਹੋਂਦ ਤੋਂ ਇਨਕਾਰ ਕਰਨਾ ਵੀ ਮੁਨਾਸਿਬ ਨਹੀਂ।

ਸ਼ੇਖ ਫਰੀਦ (1175-1265 ਈ.) ਪੰਜਾਬ ਦੇ ਸੂਫੀ ਫਕੀਰ ਸਨ, ਇਨ੍ਹਾਂ ਦੇ 4 ਸ਼ਬਦ ਤੇ 112 ਸ਼ਲੋਕ ਆਦਿ ਗੁਰੂ-ਗ੍ਰੰਥ ਵਿਚ ਦਰਜ ਹਨ। ਪਰੰਤੂ ਕਈ ਹੱਥ-ਲਿਖਤ ਖਰੜਿਆਂ ਵਿਚ ਹੋਰ ਵੀ ਸਲੋਕ ਮਿਲਦੇ ਹਨ, ਜੋ ਬੀੜ ਵਿਚ ਨਹੀਂ ਆਏ। ਸਿਖ ਸ਼ਰਧਾਲੂਆਂ ਵਿਚ ਆਮ ਇਹ ਨਿਸ਼ਚਾ ਪ੍ਰਚਲਤ ਹੈ ਕਿ ਆਦਿ ਗ੍ਰੰਥ ਤੋਂ ਬਾਹਰ ਸਭ ਕੱਚੀ ਬਾਣੀ ਹੈ। ਗੁਰੂ ਸਾਹਿਬ ਦੇ ਕਥਨ ਦਾ ਸ਼ਾਇਦ ਅਜੇਹਾ ਭਾਵ ਨਹੀਂ ਸੀ, ਗੁਰੂ ਅਮਰਦਾਸ ਜੀ ਦਾ ਬਚਨ ਇਹ ਸੀ ਕਿ ਕਹਿਣੀ ਕਰਣੀ ਵਾਲੇ ਸਤਿਵਾਦੀ ਮਹਾਂ-ਪੁਰਸ਼ਾਂ ਤੋਂ ਬਿਨਾਂ ਬਾਕੀਆਂ ਦਾ ਕਥਨ ਕੱਚਪਿੱਚ ਵਾਲਾ ਹੀ ਹੈ, ਇਸ ਨੂੰ 'ਮੱਚੀ ਬਾਣੀ' ਆਖਣਾ ਠੀਕ ਨਹੀਂ -

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ
ਬਾਣੀ ਤਾਂ ਕਚੀ ਸਤਿਗੁਰੂ ਬਾਝਹੁ, ਹੋਰ ਕਚੀ ਬਾਣੀ।
ਕਹਿੰਦੇ ਕਚੇ ਸੁਣਦੇ ਕਚੇ, ਕਚੀਂ ਆਖਿ ਵਖਾਣੀ।
(ਰਾਮਕਲੀ ਅਨੰਦ ਮ. ੩

ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਆਖਿਆ ਹੈ:-
'ਸਤਿਗੁਰ ਕੀ ਰੀਸੈ ਹੋਰ ਕਚਪਿਚ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ।
(ਵਾਰ ਗਉੜੀ, ਮ. ੪

ਸੋ ਅਸੀਂ ਇਹ ਨਹੀਂ ਕਹਿੰਦੇ ਕਿ ਬ਼ਾਹਰ ਪ੍ਰਾਪਤ ਰਚਨਾ ਨੂੰ ਜ਼ਰੂਰ 'ਗੁਰਬਾਣੀ' ਦਾ ਦਰਜਾ ਦਿੱਤਾ ਜਾਵੇ। ਸਾਡਾ

ਮੰਤਵ ਇਹ ਵਿਚਾਰਨਾ ਹੈ (੧) ਕੀ ਇਹ ਕੋਈ ਅਸੰਭਵ ਗੱਲ ਹੈ ਕਿ ਕਿਸੇ ਸੰਤ ਭਗਤ ਦੀ ਕੁਝ ਰਚਨਾ ਬੀੜ ਵਿਚ ਸੰਕਲਿਤ ਨ ਹੋਈ ਹੋਵੇ ? (੨) ਕੀ ਇਹ ਵੀ ਜ਼ਰੂਰੀ ਹੈ ਕਿ ਜੋ ਕੁਝ ਕਿਸੇ ਸੰਤ ਭਗਤ ਦੇ ਨਾਂ ਤੇ ਬਾਹਰ ਮਿਲਦਾ ਹੈ, ਉਹ ਸਾਰੇ ਦਾ ਸਾਰਾ ਹੀ ਨਕਲੀ ਹੈ? ਸੰਭਵ ਹੈ ਕੁਝ ਹਿੱਸਾ ਪ੍ਰਮਾਣਿਕ ਨਾ ਹੋਵੇ, ਉਸ ਦੇ ਵਿਸ਼ਾ-ਵਸਤੂ ਬੋਲੀ, ਸ਼ੈਲੀ ਆਦਿ ਦੀ ਪਰਖ ਕਰ ਕੇ ਵਿਦਵਾਨ ਇਸ ਦਾ ਨਿਰਣਾ ਕਰ ਸਕਦੇ ਹਨ ਪਰੰਤੂ ਅਜੇਹਾ ਦਾਅਵਾ ਸ਼ਾਇਦ ਤੱਥ ਦੇ ਪੱਖ ਤੋਂ ਠੀਕ ਨਹੀਂ ਕਿ ਹੋਰ ਰਚਨਾ ਹੋ ਹੀ ਨਹੀਂ ਸਕਦੀ, ਉਸ ਨੂੰ ਗੁਰਬਾਣੀ ਤੁੱਲ ਮੰਨਣ ਦਾ ਮਾਮਲਾ ਤਾਂ ਦੂਜੇ ਦਰਜੇ ਦੀ ਗੱਲ ਹੈ। ਪਹਿਲੇ ਦਰਜੇ ਤੇ ਇਹ ਵਿਚਾਰਨਾ ਹਿਤਕਾਰੀ ਹੈ ਕਿ ਇਹ ਰਚਨਾ ਜਿਸ ਵਿਅਕਤੀ ਨਾਲ ਸਬੰਧਿਤ ਹੈ, ਕੀ ਇਹ ਉਸੇ ਦੀ ਹੈ ? ਸੋ ਅਸੀਂ ਬਾਬਾ ਫਰੀਦ ਦੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੋਂ ਬਾਹਰਲੀ ਰਚਨਾ ਨੂੰ ਇਸੇ ਪੱਖ ਤੋਂ ਪੇਸ਼ ਕਰ ਕੇ ਸਾਹਿਤ ਦੇ ਗੁੱਝੇ ਖਜ਼ਾਨੇ ਵਲ ਪਾਠਕਾਂ ਦਾ ਧਿਆਨ ਦਿਵਾਉਣਾ ਚਾਹੁੰਦੇ ਹਾਂ।

ਅਸੀਂ ਇਸ ਇਤਿਹਾਸਕ ਹਕੀਕਤ ਨੂੰ ਵੀ ਪਰਵਾਨ ਕਰਦੇ ਹਾਂ ਤੇ ਇਹ ਗੱਲ ਭਾਰਤੀ ਸਾਹਿਤ ਦੇ ਹੋਰ ਖੋਜੀਆਂ ਵੀ ਮੰਨੀ ਹੈ ਕਿ 17ਵੀਂ ਸਦੀ ਦੇ ਮੁੱਢ ਵਿਚ ਆਦਿ ਗੁਰੂ ਗ੍ਰੰਥ ਦੀ ਬੀੜ ਦਾ ਸੰਪਾਦਨ ਮੁਕੰਮਲ ਕਰ ਲਿਆ ਗਿਆ ਸੀ, ਇਸ ਕਰਕੇ ਸੰਤਾਂ ਭਗਤਾਂ ਦੀ ਜੋ ਬਾਣੀ ਇਸ ਸੰਕਲਨ ਵਿਚ ਆ ਗਈ, ਉਸ ਤੋਂ ਵੱਧ ਉਨ੍ਹਾਂ ਦਾ ਪ੍ਰਮਾਣਿਕ ਰੂਪ ਅਜੇ ਹੋਰ ਥੇ ਨਹੀਂ ਮਿਲਿਆ। ਕਬੀਰ-ਬਾਣੀ ਦੇ ਖੋਜੀਆਂ ਵੀ ਇਹੋ ਗੱਲ ਆਖੀ ਹੈ ਕਿ ਆਦਿ ਗ੍ਰੰਥ ਤੋਂ ਵੱਧ ਪੁਰਾਤਨ ਖਰੜਾ ਯਾ ਸੰਚੀ ਹੋਰ ਪ੍ਰਾਪਤ ਨਹੀਂ। ਪਰ ਅਸੀਂ ਇਹ ਦਾਅਵਾ

ਕਰਨਾ ਉਚਿਤ ਨਹੀਂ ਸਮਝਦੇ ਕਿ ਸਤਿਗੁਰਾਂ ਕਿਸੇ ਕਵੀ ਦੀ ਸਾਰੀ ਰਚਨਾਵਲੀ ਹੀ ਇਕੱਤਰ ਕਰ ਲਈ ਸੀ, ਸੰਭਵ ਹੈ ਕਿਸੇ ਭਗਤ ਦੀ ਕੁਝ ਰਚਨਾ ਉਨ੍ਹਾਂ ਤਕ ਨਾ ਪਹੁੰਚੀ ਹੋਵੇ। ਯਾ ਉਨ੍ਹਾਂ ਖ਼ੁਦ ਹੀ ਉਸ ਨੂੰ ਦਰਜ ਕਰਨਾ ਜ਼ਰੂਰੀ ਨਾ ਸਮਝਿਆ ਹੋਵੇ। ਇਹ ਗੱਲ ਫਰੀਦ-ਰਚਨਾ ਬਾਰੇ ਵੀ ਆਖੀ ਜਾ ਸਕਦੀ ਹੈ।

ਜੇਹਾ ਕਿ ਗੁਰੂ ਗ੍ਰੰਥ ਵਿਚ ਦਰਜ ਫਰੀਦ ਬਾਣੀ ਦੀ ਅੰਦਰਲੀ ਗਵਾਹੀ ਤੋਂ ਸਪਸ਼ਟ ਹੈ ਕਿ ਇਹ ਬਾਣੀ ਗੁਰੂ ਨਾਨਕ ਸਾਹਿਬ ਨੇ ਸੰਚਿਤ ਕਰ ਲਈ ਸੀ ਅਤੇ ਉਸ ਬਾਰੇ ਕਈ ਥਾਂ ਆਪਣੇ ਵਿਚਾਰ ਵੀ ਨਾਲ ਸ਼ਾਮਲ ਕੀਤੇ ਸਨ, ਜਿਵੇਂ ਕਿ ਬਾਬਾ ਫਰੀਦ ਨੇ ਲਿਖਿਆ ਸੀ :-

ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ
ਭਰਿ ਸਰਵਰ ਜਬ ਊਛਲੈ, ਤਬ ਤਰਣ ਦੁਹੇਲਾ। (ਸੂਹੀ)

ਗੁਰੂ ਨਾਨਕ ਸਾਹਿਬ ਨੇ ਇਸੇ ਤੋਲ ਵਿਚ ਇਹ ਨਵਾਂ ਸ਼ਬਦ ਉਚਾਰਿਆ, ਗੋਇੰਦਵਾਲ ਵਾਲੀ ਪੋਥੀ ਵਿਚ ਇਥੇ ਮ. ੩ ਸਿਰਲੇਖ ਹੈ।

ਜਪ ਤਪ ਕਾ ਬੰਧਿ ਬੇੜੁਲਾ, ਜਿਤ ਲੰਘਹਿ ਵਹੇਲਾ।
ਨ ਸਰਵਰ ਨ ਊਛਲੈ, ਐਸਾ ਪੰਥ ਸੁਹੇਲਾ। (ਸੂਹੀ)

ਇਸੇ ਤਰ੍ਹਾਂ ਸਲੋਕਾਂ ਵਿਚ ਵੀ ਅਜੇਹੀ ਗਵਾਹੀ ਮਿਲਦੀ ਹੈ। ਫਿਰ ਇਵੇਂ ਜਿਵੇਂ ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਦੇ ਸਪਸ਼ਟੀਕਰਨ ਵਾਲੇ ਸ਼ਾਮਲ ਸ਼ਲੋਕ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਹ ਬਾਣੀ ਗੁਰਗੱਦੀ ਨਾਲ ਹੀ ਗੁਰੂ ਅਰਜਨ ਸਾਹਿਬ ਤਕ ਪਹੁੰਚ ਗਈ ਸੀ।

ਅਸੀਂ ਇਹ ਵੀ ਜਾਣਦੇ ਹਾਂ ਕਿ ਆਦਿ ਗ੍ਰੰਥ ਵਿਚਲੀ

ਫਰੀਦ-ਰਚਨਾ ਵਿਚ ਵਧੇਰੇ ਸਲੋਕ ਹਨ ਤੇ ਬਹੁਤੀ ਲਹਿੰਦੀ ਰੰਗ ਦੀ ਭਾਸ਼ਾ ਹੈ। ਬਾਹਰ ਰਚਨਾਵਲੀ ਜੋ ਮਿਲਦੀ ਹੈ, ਉਹ ਵੀ ਬਹੁਤੇ ਸ਼ਲੋਕ ਹੀ ਹਨ ਤੇ ਉਨ੍ਹਾਂ ਦੀ ਭਾਸ਼ਾ ਵੀ ਲਹਿੰਦੀ ਦਾ ਰੰਗ ਰਖਦੀ ਹੈ। ਇਸੇ ਤਰ੍ਹਾਂ ਵਿਸ਼ਾ-ਵਸਤੂ ਤੇ ਸ਼ੈਲੀ ਤਾਂ ਕਾਫੀ ਮਿਲਦੀ-ਜੁਲਦੀ ਹੈ।

ਜਿਥੋਂ ਤਕ ਇਸ ਰਚਨਾ ਦੇ ਸੋਮੇ ਦਾ ਸਵਾਲ ਹੈ, ਉਸ ਦੀ ਪ੍ਰਮਾਣਿਕਤਾ ਬਾਰੇ ਭਿੰਨ ਭਿੰਨ ਰਾਇ ਰੱਖਣਾ ਵਿਦਵਾਨਾਂ ਦੀ ਮਰਜ਼ੀ ਹੈ ਪਰੰਤੂ ਉਸ ਦਾ ਹਵਾਲਾ ਦਿਤਾ ਜਾਣਾ ਜ਼ਰੂਰੀ ਹੈ ਤਾਂ ਕਿ ਖੋਜੀ ਖੁਦ ਤਸੱਲੀ ਕਰ ਸਕਣ। ਅਸੀਂ ਇਨ੍ਹਾਂ ਸੋਮਿਆਂ ਤੋਂ ਇਹ ਸਲੋਕ ਸੰਚਿਤ ਕੀਤੇ ਹਨ :-

1. ਭਾਈ ਪੈਧੇ ਵਾਲੀ ਬੀੜ ਰਾਵਲਪਿੰਡੀ (ਹੁਣ ਦਿੱਲੀ)
2. ਪੁਰਾਤਨ ਹੱਥਲਿਖਤ (ਢਾਈ ਸੌ ਵਰ੍ਹੇ ਪੁਰਾਣੀ ਪੋਥੀ) ਮੇਰੀ ਆਪਣੀ
3. ਮਸਲੇ ਸ਼ੇਖ ਫ਼ਰੀਦ ਜੀ ਕੇ (ਖਰੜਾ ਨੰ: 359, ਭਾਸ਼ਾ ਵਿਭਾਗ ਲਾਇਬ੍ਰੇਰੀ ਪਟਿਆਲਾ)
4. ਸੈਂਟ੍ਰਲ ਲਾਇਬ੍ਰੇਰੀ ਪਟਿਆਲਾ ਖਰੜਾ ਨੰ: 498 ਤੇ 525
5. ਸਰਬੰਗੀ (ਖਰੜਾ ਨੰ: 11509) ਮਹਿੰਦਰਾ ਕਾਲਜ ਪਟਿਆਲਾ
6. ਦਾਦੂ ਪੰਥੀ ਗੁਟਕਾ - ੧੭੬੨ ਬਿ. ਦਾ ਖਰੜਾ (ਦੇਵਨਾਗਰੀ)

-ਕੇ. ਐਮ. ਮੁਨਸ਼ੀ ਵਿਦਿਆਪੀਠ ਆਗਰਾ ਪੁਸਤਕਾਲੇ ਵਿੱਚ ਸੁਰੱਖਿਅਤ ਹੈ। ਇਸ ਵਿਚੋਂ ਡਾ. ਮਾਤਾ ਪ੍ਰਸਾਦ ਗੁਪਤ

ਨੇ ਕੁਝ ਸਲੋਕ ਸੰਕਲਿਤ ਕੀਤੇ ਸਨ।

7. ਪੁਰਾਤਨ ਜਨਮ ਸਾਖੀ
8. ਸ਼ਬਦ ਸਲੋਕ ਭਗਤਾਂ ਕੇ (1901 ਈ. ਦੀ ਛਾਪ ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਲਾਹੌਰ)

ਨੋਟ - ਡਾ. ਮੋਹਨ ਸਿੰਘ ਜੀ ਨੇ ਕੁਝ ਸਲੋਕ ਇਸੇ ਪੁਸਤਕ ਵਿਚੋਂ ਲੈ ਕੇ ਦਿੱਤੇ ਹਨ।

9. ਸੂਫੀ ਤਜ਼ਕਰਿਆਂ ਵਿਚ ਆਏ ਹਵਾਲੇ
10. ਅਰਸ਼ਾਦਾਤਿ ਫਰੀਦੀ* - ਪੀਰ ਮੁਹੰਮਦ ਹੁਸੈਨ - 1927

ਜਿਥੋਂ ਤਕ ਇਨ੍ਹਾਂ ਸਲੋਕਾਂ ਦੀ ਭਾਸ਼ਾ ਦਾ ਸਬੰਧ ਹੈ, ਇਸ ਬਾਰੇ ਦਾਅਵਾ ਕਰਨਾ ਔਖਾ ਹੈ ਕਿ ਇਹ ਤੇਰ੍ਹਵੀ ਸਦੀ ਦੀ ਹੀ ਹੈ। ਗੁਰੂ ਨਾਨਕ ਸਾਹਿਬ ਨੇ ਫਰੀਦ ਤੋਂ ਢਾਈ ਸੌ ਵਰ੍ਹੇ ਬਾਦ ਫਰੀਦ ਬਾਣੀ ਸੰਚਿਤ ਕੀਤੀ ਸੀ, ਉਸ ਵੇਲੇ ਤਕ ਲੋਕ-ਕੰਠ ਨੇ ਇਸ ਵਿਚ ਕੁਝ ਨ ਕੁਝ ਜ਼ਰੂਰ ਪਰਿਵਰਤਨ ਲਿਆਂਦਾ ਹੋਵੇਗਾ, ਜਿਵੇਂ ਕਿ ਪਰਸਿੱਧ ਰਚਨਾਵਾਂ ਤੇ ਜ਼ਬਾਨੀ ਕੰਠ ਰਚਨਾਵਾਂ ਵਿਚ ਅਕਸਰ ਹੋ ਹੀ ਜਾਂਦਾ ਹੈ। ਦੂਸਰੇ, ਆਦਿ ਗ੍ਰੰਥ ਵਿਚ ਜੋ ਫਰੀਦ ਬਾਣੀ ਸੰਭਾਲੀ ਗਈ, ਉਹ ਧਰਮ-ਗ੍ਰੰਥ ਦਾ ਅੰਗ ਬਣਨ ਕਰਨ ਵਧੇਰੇ ਸੁਰੱਖਿਅਤ, ਸ਼ੁੱਧ ਤੇ ਨਿਰਮਲ ਰਹੀ। ਇਸ ਤੋਂ ਇਲਾਵਾ ਜੋ ਰਚਨਾ ਬਾਹਰ ਰਹਿ ਗਈ ਉਹ ਜ਼ਮਾਨੇ ਦੇ ਅਸਰ ਨਾਲ ਕੁਝ ਨ ਕੁਝ ਰੂਪ ਬਦਲਦੀ ਗਈ। ਇਹ ਕੋਈ ਅਨੋਖੀ ਗੱਲ ਨਹੀਂ, ਇਤਨਾ

* ਇਹ ਮੁਨਸ਼ੀ ਜੈਸੀ ਰਾਮ ਮੁਸ਼ਤਾਕ ਨੇ ਪਾਕਪਟਨ ਵਾਲੇ ਪੀਰ ਮੁਹੰਮਦ ਹੁਸੈਨ ਦੇ ਕਹਿਣ ਤੇ ਪੰਜਾਬੀ ਸ਼ਲੋਕਾਂ ਦਾ ਉਰਦੂ ਤਰਜਮਾ ਤਿਆਰ ਕੀਤਾ ਸੀ।

ਕੁ ਫਰਕ ਪੈਣਾ ਸੁਭਾਵਕ ਸੀ। ਮਿਸਾਲ ਲਈ ਕੁਝ ਸਲੋਕ ਆਦਿ ਗ੍ਰੰਥ ਵਿਚ ਹੋਰ ਤਰ੍ਹਾਂ ਦਰਜ ਹਨ ਤੇ 'ਮਸਲੇ ਸ਼ੇਖ ਫਰੀਦ ਕੇ' ਖਰੜੇ ਵਿਚ ਉਨ੍ਹਾਂ ਦਾ ਰੂਪ ਹੋਰ ਮਿਲਦਾ ਹੈ। ਜਿਵੇਂ ਕਿ ਆਦਿ ਗ੍ਰੰਥ ਵਿਚ ਦਰਜ ਹੈ :-

ਫਰੀਦਾ ਭੰਨੀ ਘੜੀ ਸੁਵੰਨਵੀ, ਟੁਟੀ ਨਾਗਰ ਲਜੁ
ਅਜਰਾਈਲ ਫਰੇਸਤਾ, ਕੈ ਘਰ ਨਾਠੀ ਅਜੁ।68।

'ਮਸਲੇ' ਵਿਚ ਇਸ ਦੇ ਨਾਲ ਹੀ ਇਕ ਤੁਕ ਹੋਰ ਮਿਲਦੀ ਹੈ :-

'ਘਿੰਨਣ ਆਇਆ ਜਿੰਦ ਕੂ, ਇਕਾ ਕਰੇਸੀ ਪੱਜ।'

'ਫਰੀਦਾ ਪਿਛਲ ਰਾਤਿ ਨ ਜਾਗਿਓਹੁ, ਨੂੰ 'ਮਸਲੇ' ਵਿਚ 'ਫਰੀਦਾ ਵਡੇ ਵੇਰ ਨ ਜਾਗਿਓਹੁ' ਲਿਖਿਆ ਹੈ।

ਇਸ ਤਰ੍ਹਾਂ ਆਦਿ ਗ੍ਰੰਥ ਵਿਚ ਹੈ :-

ਫਰੀਦਾ ਇਨੀ ਨਿਕੀ ਜੰਘੀਐ, ਥਲ ਡੂਗਰ ਭਵਿਓਮਿ
ਅਜੁ ਫਰੀਦੈ ਕੂਜੜਾ, ਸੈ ਕੋਹਾਂ ਥੀਓਮਿ। ੨੦।

'ਮਸਲੇ' ਦਾ ਪਾਠ ਹੈ :-

ਫਰੀਦਾ ਨਿਕੜੀ ਜੇਹੀਐ ਜੰਘੜੀਆਂ, ਹਭੇ ਜਗ ਭਵਿਓਮਿ
ਵਿਚਿ ਮਸੀਤੀਂ ਕੂਜੜਾ, ਸਉ ਕੋਹਾਂ ਥੀਓਮਿ।

ਆਦਿ ਗ੍ਰੰਥ ਵਿਚ 'ਕਾਲੇ ਮੈਂਡੇ ਕਪੜੇ' ਪਾਠ ਹੈ।
ਦੂਜੀ ਥਾਂ ਪਾਠਾਂਤ੍ਰ ਹੈ :-

ਕਾਲੀ ਮਹਿੰਜੀ ਕੰਬਲੀ ਕਾਲਾ ਮਹਿੰਜਾ ਵੇਸ।

ਆਦਿ ਗ੍ਰੰਥ ਵਿਚ ਦਰਜ ਹੈ :-

ਸਬਰ ਮੰਝ ਕਮਾਣ, ਏ ਸਬਰ ਕਾ ਨੀਹਣੋ।

ਬੀੜ ਭਾਈ ਪੈਂਧੇ ਵਾਲੀ ਵਿਚ ਤੁਕ ਇਉਂ ਹੈ :-

ਸਬਰ ਮੰਝ ਕਮਾਣੀਏ, ਸਬਰ ਕਾਨੀ ਹੋਇ।

ਸੋ ਅਜੇਹੇ ਅੰਤਰ ਕਈ ਮਿਲ ਜਾਂਦੇ ਹਨ ਜਿਨ੍ਹਾਂ ਤੋਂ ਇਹ ਪਰਗਟ ਹੁੰਦਾ ਹੈ ਕਿ ਲੋਕਾਂ ਵਿਚ ਵਧੇਰੇ ਪ੍ਰਚਲਤ ਸੰਤ-ਬਚਨ ਜਾਂ ਫਕੀਰਾਂ ਦੇ ਕੌਲ ਕਈ ਪਰਕਾਰ ਦੇ ਰੂਪ ਵਟਾਉਂਦੇ ਆਏ ਹਨ ਤੇ ਇਸ ਨਾਲ ਬਾਣੀ ਦਾ ਮੁਹਾਂਦਰਾ ਤਬਦੀਲ ਹੁੰਦਾ ਰਿਹਾ ਹੈ। ਅੰਤ ਵਿਚ ਅਸੀਂ ਫਿਰ ਇਹ ਕਹਿਣਾ ਚਾਹੁੰਦੇ ਹਾਂ ਕਿ ਇਹ ਜੋ ਦੋਹਰੇ ਵੱਖ ਵੱਖ ਸੋਮਿਆਂ ਤੋਂ ਇਕੱਤਰ ਕਰ ਕੇ ਇਥੇ ਦਿਤੇ ਜਾ ਰਹੇ ਹਨ, ਇਨ੍ਹਾਂ ਦਾ ਸਾਹਿਤਕ ਤੇ ਭਾਸ਼ਾਈ ਪੱਖ ਤੋਂ ਅਧਿਐਨ ਦਿਲਚਸਪੀ ਤੋਂ ਖਾਲੀ ਨਹੀਂ। ਖੋਜ ਲਈ ਇਹ ਵੀ ਸੰਭਵ ਨਹੀਂ ਕਿ ਕਦੀ ਢੂੰਡ-ਭਾਲ ਕਰਦਿਆਂ ਮੁਲਤਾਨ ਦੇ ਇਲਾਕੇ ਵਿਚੋਂ ਹੀ ਫਾਰਸੀ ਅੱਖਰਾਂ ਵਿਚ ਲਿਖਿਆ ਬਾਬੇ ਦਾ ਪੁਰਾਣਾ ਕਲਾਮ ਕਿਤੇ ਮਿਲ ਜਾਵੇ ਤੇ ਇਹ ਸਮੱਗਰੀ ਉਸ ਸਮੇਂ ਵੀ ਵਧੇਰੇ ਲਾਭਕਾਰੀ ਹੀ ਸਿੱਧ ਹੋਵੇਗੀ।

ਫਰੀਦ ਦੇ ਨਾਂ ਤੇ ਕੁਝ ਕਾਫੀਆਂ ਤੇ ਇਕ ਅੱਧ ਛੰਦ ਵੀ ਮਿਲਦਾ ਹੈ ਪਰ ਇਹ ਛੰਦ-ਰੂਪ ਤੇ ਭਾਸ਼ਾ-ਰੂਪ ਬਹੁਤ ਪਿਛੋਂ ਦੇ ਹਨ, ਫਰੀਦ ਕਾਲ ਦੇ ਨਹੀਂ। ਇਸ ਕਰਕੇ ਅਸੀਂ ਉਹ ਇਥੇ ਦੇਣ ਦੀ ਲੋੜ ਨਹੀਂ ਸਮਝੀ।

ਸਲੋਕ ਬਾਬਾ ਫਰੀਦ ਜੀ ਕੇ

1

ਫਰੀਦਾ ਅਕੈ ਤ ਸਿਕਣ ਸਿਕੁ, ਅਕੈ ਤ ਪੁਛਿ ਸਿਕੰਦਿਆਂ[੧]
ਤਿਨ੍ਹਾਂ ਪਿਛੇ ਨ ਲੁਕ, ਜੋ ਸਿਕਣ ਸਾਰ ਨ ਜਾਣਨੀ।

2

ਫਰੀਦਾ ਸਿਕਾਂ ਸਿਕ ਸਿਕੰਦਿਆਂ, ਸਿਕੀਂ ਡੀਂਹੇ ਰਾਤਿ
ਮੈਂਡੀਆਂ ਸਿਕਾਂ ਸਭ ਪੁਜੰਨਿ, ਜਾ ਪਿਰੀਆ ਪਾਈ ਝਾਤਿ।

3

ਫਰੀਦਾ ਜਿਤੁ ਤਨੁ ਬਿਰਹਾ ਊਪਜੈ, ਤਿਤੁ ਤਨੁ ਕੈਸਾ ਮਾਸ
ਉਤ ਤਨਿ ਇਹ ਭਿ ਬਹੁਤ ਹੈ, ਹਾਡ, ਚਾਮ ਅਰੁ ਸਾਸ।

4

ਫਰੀਦਾ ਮੈਂ ਤਨ ਅਉਗਣ ਏਤੜੇ, ਜੇਤੇ ਧਰਤੀ ਕੱਖੁ
ਤਉ ਜੇਹਾ ਮੈਂ ਨ ਲਹਾਂ, ਮੈਂ ਜੇਹੀਆਂ ਕਈ ਲੱਖ।

5

ਤਨ ਸਮੁੰਦ ਮਨਸਾ ਲਹਰੁ ਅਰ ਤਾਰੂ ਤਰਹਿਂ ਅਨੇਕ
ਤੇ ਬਿਰਹੀ ਕਿਉਂ ਜੀਵਤੇ, ਜਿ ਆਹਿ ਨ ਕਰਤੇ ਏਕ।

6

ਫਰੀਦਾ ਦੇਖਿ ਜਿ ਸੱਜਣ ਅਹੁ ਗਏ, ਮੈਂ ਤਨਿ ਮੈਲਾ ਵੇਸੁ
ਨ ਸੋ ਆਵਣੁ ਨ ਮਿਲਣ, ਵੰਞਿ ਲਥੇ ਵਹ ਦੇਸ।

---

੧ ਜਾਂ ਤਾ ਖੁਦ ਰੱਬੀ ਤਾਂਘ ਕਰ ਜਾਂ ਤਾਂਘੀਆਂ ਤੋਂ ਰਸਤਾ ਪੁਛ।

7

ਫਰੀਦਾ ਦੇਖਿ ਜੁ ਸੱਜਣ ਅਹੁ ਗਏ, ਚੜ੍ਹਿ ਚੰਦਨ ਕੀ ਨਾਉ
ਮਨਿ ਪਛੁਤਾਵਾ ਰਹਿ ਗਇਆ, ਦਉੜਿ ਨ ਚੁੰਮੇਂ ਪਾਉਂ।

8

ਵਿਛੋੜਾ ਬੁਰਿਆਰੁ, ਜਿਤੁ ਵਿਛੋੜੇ ਤਨ ਦੁਬਲਾ
ਸੇ ਮਾਹਣੂ ਹੈਂਸਿਆਰ੧, ਵਿਛੜਿ ਮੋਟੇ ਜੁ ਥੀਅਨਿ।

9

ਜਾ ਮੂੰ ਲਗਾ ਨੇਹੁ, ਤਾਂ ਮੈਂ ਡੁਖ ਵਿਹਾਝਿਆ੨
ਝੁਰਾਂ ਹਭੇ ਹੀ ਡੇਂਹੁ, ਕਾਰਣ ਸਚੇ ਮਾ ਪਿਰੀ।

10

ਫਰੀਦਾ ਏਹਿ ਜਿ ਜੰਗਲ ਰੁੱਖੜੇ, ਹਰੀਅਲ ਪਤ ਤਿਨਾਹ
ਪੋਥਾ ਲਿਖਿਆ ਅਰਥ ਦਾ, ਏਕਸ ਏਕਸ ਮਾਹਿ।

11

ਫਰੀਦਾ ਅਕੈ ਤ ਲੋੜ ਮੁਕੱਦਮੀ੩, ਅਕੈ ਤ ਅੱਲਹੁ ਲੋੜ
ਦੁਹਿੰ ਬੇੜੀਂ ਨ ਲੱਤ ਧਰਿ, ਵੰਞਹਿ ਵਖਤ ਬੋੜਿ।

12

ਫਰੀਦਾ ਚੂੜੇਲੀ ਸਿਉਂ ਰਤਿਆ, ਦੁਨੀਆ ਕੂੜਾ ਭੇਤ
ਏਨ੍ਹੀ ਅੱਖੀਂ ਦੇਖਦਿਆਂ, ਉਜੜ ਵੰਞਹਿ ਖੇਤ।

13

ਫਰੀਦਾ ਤਨ ਰਹਿਆ ਮਨ ਫੱਟਿਆ, ਤਾਗਤਿ ਰਹੀ ਨ ਕਾਇ
ਉਠ ਪਿਰੀ ਤਬੀਬ੪ ਥੀਉ, ਕਾਰੀ ਦਾਰੂ ਲਾਇ।

14

ਕੰਤੁ ਨੇਹੁ ਤਨ ਗਾਰੁੜੀ, ਨਾਗਾਂ ਹਥਿ ਮਨਾਇ
ਵਿਸ ਗੰਦਲੀਂ ਮਸਦਹ ਨਗਰ, ਹੋਰੀਂ ਲਹੁਦ ਲਹਾਉ।

੧. ਉਹ ਮਨੁਖ ਕਸਾਈ ਹਨ ੨. ਦੁਖ ਖਰੀਦ ਲਿਆ ੩ ਚੌਧਰ ੪ ਵੈਦ

15

ਫਰੀਦਾ ਪੈਰੀਂ ਕੰਡੇ ਪੰਧੜਾ, ਸੇਤੀ ਸੁਜਾਣਾਂ
ਭੱਠ ਹਿੰਡੋਲਹਿ[੧] ਦਾ ਪੀਂਘਣਾ, ਸੇਤੀ ਅੰਜਾਣਾਂ।

16

ਫਰੀਦਾ ਮੂ ਤਨਿ ਅਵਗਣ ਏਤੜੇ, ਚੰਮੀਂ ਅੰਦਰਵਾਰਿ
ਹਿਕ ਨਿਰੀ ਖੁਆਰੀ ਥੀ ਰਹਿਹਿ, ਡਿਸਨਿ ਬਾਹਰਵਾਰਿ।

17

ਆਸਰਾ ਧਣੀ ਮੰਝਾਹਿ, ਕੋਇ ਨ ਲਾਖਹੁ ਕੱਢ ਤੂ
ਵੇ ਇਉਂ ਕਾਜ ਕਥਾਹੁ ਵਰਿਆਣ ਸੱਚਾ ਧਣੀ।

18

ਜੱਸਾ[੨] ਸਿ ਰਾਤੀਂ ਵੱਡੀਆਂ, ਡੂ ਡੂ ਗਾਂਢਣੀਆਹੁ
ਤੁਮ ਇਕ ਜਾਲ ਨ ਸੰਘੀਆਂ, ਅਸਾਂ ਸਭੇ ਜਾਲਣੀਆਹੁ।

19

ਫਰੀਦਾ ਲਹਿਰੀਂ ਸਾਇਰ ਸੰਦੀਆਂ, ਭੀ ਸੋ ਹੰਸ ਤਰੰਨਿ
ਕਿਆ ਤਰੇਨਿ ਬਗ ਬਪੁੜੇ, ਜਿ ਪਹਿਲੀ ਲਹਰ ਡੁਬੰਨਿ।

20

ਫਰੀਦਾ ਜੈਂ ਦਰ ਲਗੈ ਨੇਹੁ, ਸੋ ਦਰ ਨਾਹੀਂ ਛਡਣਾ
ਆਹਣ[੩] ਪਵਹਿ ਭਾਵੇਂ ਮੇਂਹੁ, ਸਿਰ ਹੀ ਉਪਰਿ ਝੱਲਣਾ।

21

ਫਰੀਦਾ ਤਿੱਕਲ[੪] ਕਾਸਾ ਕਾਠ ਦਾ, ਵਾਸਾ ਵਿਚ ਵਣਾਂ
ਬਾਰੀਂਪ ਅੰਦਰਿ ਜਾਲਣਾ, ਦਰਵੇਸ਼ਾਂ ਹਰਣਾਂ।

22

ਫਰੀਦਾ ਏਸ ਜਹਾਨ ਵਿਚ, ਤਿੰਨੇ ਟੋਲ੬ ਕਰੇਨਿ

---

੧. ਝੂਲਣਾ ੨. ਸ਼ੇਖ ਫਰੀਦ ਦਾ ਮਿੱਤਰ ਜੱਸੂ ਲੁਹਾਰ ੩. ਟਿੱਡੀ ਦਲ
੪. ਲੱਕ ੫. ਜੰਗਲਾਂ ਵਿਚ ੬. ਵਸਤਾਂ, ਪਦਾਰਥ।

ਮਿਠਾ ਬੋਲਣੁ, ਨਿਵ ਚਲਣੁ, ਹੱਥਹੁੰ ਭਿ ਕਿਝੁ ਦੇਇਨ।

23

ਫਰੀਦਾ ਜਿਤੀ ਖੁਸ਼ੀਆਂ ਕੀਤੀਆ, ਤਿਤੀ ਥੀਅਮੁ ਰੋਗ
ਛਿਲੂੰ ਕਾਰਣਿ ਮਾਰੀਐ, ਖਾਧੈ ਦਾ ਕਿਆ ਹੋਗੁ।

24

ਫਰੀਦਾ ਪੈਰੀਂ ਬੇੜਾ ਠੇਲ੍ਹ ਕੈ, ਕੰਢੀਂ ਖੜਾ ਨ ਰੋਉਂ
ਵਤ ਨ ਆਵਣ ਥੀਸੀਆ, ਏਤਿ ਨ ਨੀਂਦੜੀ ਸਉਂ।

25

ਫਰੀਦਾ ਸੁਤਿਅਹੁ ਨੀਂਦ, ਮਤ ਪਉਂਦੋ ਈਵ
ਜਿਨਾਂ ਨੈਣ ਨੀਂਦ੍ਰਾਵਲੇ, ਧਣੀ ਮਿਲੰਦੋ ਕੀਵ।

26

ਫਰੀਦਾ ਪਹੁ ਫੁਟੀ ਝਾਲੂ੧ ਥੀਆਂ, ਹਭ ਵਿਹਾਣੀ ਰਾਤਿ
ਐਸੇ ਅਮਲ ਕਰੇਂਦੀਏ, ਦੇਸੀ ਕਉਣ ਜਗਾਤਿ੨।

27

ਫਰੀਦਾ ਸੁੱਤਾ ਹੈਂ ਤਾਂ ਜਾਗ, ਘਣਾ ਸਵਸੀ ਗੋਰ ਮਹਿੰ
ਬਿਨ ਅਮਲਾਂ ਸੋਹਾਗ, ਗੱਲੀਂ ਰੱਬ ਨ ਪਾਈਅਹਿ।

28

ਫਰੀਦਾ ਕਿਆ ਲੜ ਚਟੇ ਲਟ, ਥੀਂ ਜਾਈ ਚੁੰਝ ਵਣੇ
ਜੇ ਤੂ ਮਰਹਿੰ ਪਟ, ਤਾਂ ਕੇਹਾ ਤੇਰਾ ਸੋ ਪਿਰੀ।

29

ਫਰੀਦਾ ਰਾਤੀਂ ਸੋਵਹਿ ਖਟ, ਡੀਹੇਂ ਪਿਟਹਿੰ ਪੇਟ ਕੂੰ
ਜਾਂ ਤਉਂ ਖੱਟਣ ਵੇਲ, ਤਡਾਂਹੀ ਤੂੰ ਸਉਂ ਰਹਿਆ।

30

ਫਰੀਦਾ ਜਾਗਣਾ ਈ ਤ ਜਾਗ, ਰਾਤੜੀਂ ਹਭ ਵਿਧਾਣੀਆਂ

---

੧. ਸ਼ਵੇਰਾ ੨. ਚੁੰਗੀ।

ਜੈ ਮੂੰਹ ਮੱਥੈ ਭਾਗ ਪਿਰੀ ਵਿਸਾਰਨਿ ਨ ਕਰਨਿ।

31

ਫਰੀਦਾ ਹੋ ਜੀਆ ਖੜਸੀ ਜਬ, ਕਸੀਸੀ੧ ਸੁਵੰਨ ਜਿਉਂ
ਕਿਆ ਚਵਸੀ ਤਬ, ਜਉ ਰਹਿਹੀ ਕੂੜਾ ਥੀਆ।

32

ਫਰੀਦਾ ਸੋ ਦਰ ਸਚਾ ਸੇਵ, ਜਿਤ ਮਕਲੂਬ੨ ਨਾ ਜਾਹਿ
ਰਿਜਮਸਤਕ ਹਡ ਖਉ, ਅਮਲ ਨ ਵਿਕਣ ਖਾਹਿ।

33

ਫਰੀਦਾ ਪਿਰੀ ਵਿਸਾਰਨਿ ਬਿਆ੩ ਰਵਨਿ, ਕੁਬੁਧਿ ਚਵੇਨਿ
ਕੰਚਨ ਰਾਸਿ ਵਿਸਾਰ ਕਰਿ, ਮੁਠੀ ਧੂੜਿ ਭਰੇਨਿ।

34

ਫਰੀਦਾ ਤੂੰ ਤੂੰ ਕਰੇਂਦੇ ਜੁ ਮੁਏ ਭੀ ਤੂੰ ਤੂੰ ਕਰੰਨਿ
ਜਿਨੀ ਤੂੰ ਤੂੰ ਨ ਕੀਆ, ਤਿਨਾ ਸਿਵਾਤੋਂਨ ਤੰਨਿ।

35

ਸਾਂਈ ਸੰਦੇ ਨਾਵ ਖੇ, ਦਾਇਮ੪ ਪਿਰੀ ਚਵੰਨਿ
ਰੱਬ ਨ ਭੰਨੇ ਪੋਰਿਆ, ਸੰਦੇ ਫਕੀਰੰਨ।

36

ਫਰੀਦਾ ਕੂੜ ਨ ਕਾਈ ਸਿਝਿਆ, ਸਚੁ ਨ ਲਗਨਿ ਦਾਗੁ
ਹਿਕ ਪਿਰੀਆ ਦੀ ਪਲਕ੫ ਦਾ, ਸਾਰੀ ਉਮਰ ਸੁਹਾਗੁ।

37

ਫਰੀਦਾ ਦਰਦਾਂ-ਸਾਣੀਆ ਕਾਨੀਆਂ, ਰੱਬ ਨੈ ਘੜਿਐਨ
ਲਗਣਿ ਤਿਨਾ ਮੁਨਾਫਕਾਂ੬ ਜੋ ਕਦਹੀ ਨ ਜਾਣੇਨਿ।

---

੧. ਕਸੌਟੀ ਤੇ ਕਸਿਆ ੨. ਹਾਰਿਆ ੩. ਹੋਰ ੪. ਹਮੇਸ਼ਾ
੫. ਭਾਵ ਨਜ਼ਰ ੬. ਦੰਭੀਆਂ, ਮੁਨਕਰਾਂ

38

ਫਰੀਦਾ ਕਦੈ ਆਹੋ ਹੇਕੜਾ ਅਤੇ ਹੁਣ ਥੀਓ ਪ੍ਰਗਟ
ਏਵੀ ਪਾਵਮਸਾਹਰੋ, ਜਾ ਲਾਇ ਬੈਠਹੁ ਹੱਟ।

39

ਫਰੀਦਾ ਆਹੀ ਹੇਕੜਾ੧, ਅਤੈ ਹੁਣ ਭਿ ਥੀਸੀ ਹਿੱਕ
ਓਪਈਟੰਨਾ ਨ ਕਰੇ, ਤੇਹੀ ਲਾਇਅਸੁ ਸਿੱਕ।

40

ਬੁੱਢਾ ਥੀਆ ਸ਼ੇਖ ਫਰੀਦ, ਕੰਬਣ ਲਗੇ ਟਾਹਲ੨
ਟਿੰਡੜੀਆਂ ਜਲਲਾਣੀਆ ਤੁਟਨਿ ਲਗੀ ਮਾਹਲ।

41

ਫਰੀਦਾ ਦਮਾਮਾ ਵੱਜਿਆ ਚੜ੍ਹਿਆ ਮਲਕੁਲ ਮਉਤ੪
ਘਿੰਨਣ ਵਾਹੇ ਜਿੰਦੜੀ, ਢਾਹਣ ਵਾਹੇ ਕੋਟ।
ਕੋਟ ਢਠਾ ਗੜ੍ਹ ਲੁਟਿਆ, ਡੇਰੇ ਪਈ ਕਹਾਹੁ੫
ਜੀਵੰਦਿਆਂ ਦੇ ਹੋਰ ਰਾਹ, ਮੁਇਆਂ ਦੇ ਏਹੀ ਰਾਹੁ।

42

ਅਜ ਕਿ ਕੱਲ ਕਿ ਚਹੁੰ ਦਿਹੀਂ ਮਲਕ ਅਸਾਡੀ ਹੇਰ
ਕੈ ਜਿਤਾ ਕੈ ਹਾਰਿਓਹੁ, ਸਉਦਾ ਏਹੀ ਵੇਰ।

43

ਫਰੀਦਾ ਕਰਨ ਹਕੂਮਤਿ ਦੁਨੀ ਦੀ, ਹਾਕਮ ਨਾਉ ਧਰੰਨਿ
ਅੱਗੇ ਧਉਲ ਪਿਆਦਿਆਂ, ਪਿਛੈ ਕੌਂਤ ਚਲੰਨਿ।
ਚੜ੍ਹ ਚਲਨਿ ਸੁਖਵਾਸ੬ ਨੀ, ਉਪਰਿ ਚਉਰ ਝੁਲੰਨਿ
ਸੇਜ ਵਿਛਾਵਣ ਪਾਹਰੂ, ਜਿਥੈਂ ਜਾਇ ਸਵੰਨਿ
ਤਿਨਾਂ ਜਨਾਂ ਦੀਆਂ ਢੇਰੀਆਂ, ਦੂਰਹੁੰ ਪਈਆਂ ਦਿਸੰਨਿ।

---

੧. ਇਕ ੨. ਭਾਵ ਲੱਤ ਪੈਰ ੩. ਚੋ ਰਹੀਆਂ ੪. ਮੌਤ ਦਾ ਫਰਿਸ਼ਤਾ ੫. ਹਾਹਾਕਾਰ ੬ ਪਾਲਕੀ।

44

ਫਰੀਦਾ ਇਹ ਮਹਜਦੀ ੧ ਅਬੂ ਥੀਆਂ, ਰੱਖੀਆਂ ਰੱਬ ਸਵਾਰ
ਜਾਂ ਜਾਂ ਏਸ ਜਹਾਨ ਮਹਿ, ਤਾਂ ਤਾਂ ਦੇਖਹਿ ਜਾਰ।

45

ਫਰੀਦਾ ਸੇ ਦਾੜ੍ਹੀਆਂ ਕੂੜਾਵੀਆਂ, ਜੋ ਸ਼ੈਤਾਨ ਭੁਚੰਨਿ।
ਅਹਿਰਣ ਤਲੇ ਵਦਾਣ੨ ਜਿਉਂ, ਦੋਜ਼ਕ ਖੜਿ ਧਰੀਅੰਨਿ।

46

ਫਰੀਦਾ ਦਾੜ੍ਹੀਆਂ ਲਖ ਵਤਨਿ੩, ਹਭਿ ਨਾ ਹਿਕੋ ਜੇਹੀਆਂ
ਇਕ ਦਰਿ ਲਖ ਲਹੰਨਿ, ਹਿਕ ਕੱਖਹੁ ਕੰਨਉਂ ਹਉਲੀਆਂ।

47

ਫਰੀਦਾ ਉਚਾ ਨ ਕਰ ਸੱਦੁ, ਰੱਬ ਦਿਲਾਂ ਦੀਆਂ ਜਾਣਦਾ
ਜੇ ਤੁਧ ਵਿਚ ਕਲੱਬ੪, ਸੋ ਮੰਝਾਹੂ ਦੂਰ ਕਰਿ।

48

ਫਰੀਦਾ ਦੁਨੀ ਦੇ ਲਾਲਚ ਲਗਿਆਂ, ਮਿਹਨਤ ਭੁੱਲ ਗਈ
ਜਾਂ ਸਿਰਿ ਆਈ ਆਪਣੇ, ਤਾਂ ਸਭੋ ਵਿਸਰਿ ਗਈ।

49

ਫਰੀਦਾ ਇਕ ਵਿਹਾਜੇਂ ਲੂਣ ਥਿਆ ਕਸਤੂਰੀ ਝੁੰਗ ਚਵਹਿੰ
ਬਾਹਰਿ ਲਾਇ ਸਬੂਣ, ਅੰਦਰਿ ਹੱਛਾ ਨ ਥੀਵਹਿ।

50

ਫਰੀਦਾ ਜੰਗਲ ਢੂੰਡੇ ਸੰਘਣਾ, ਲੰਮੇ ਲੁੜਿਆ ਵਤਿ
ਤਨ ਹੁਜਰਾ੫ ਦਰਗਾਹ ਦਾ, ਤਿਸ ਵਿਚ ਝਾਤੀ ਘਤਿ।

51

ਫਰੀਦਾ ਹਾਥੀ ਸੋਨ ਅੰਬਾਰੀਆਂ, ਪੀਛੈ ਕਟਕ ਹਜ਼ਾਰ

---

੧. ਮਸੀਤਾਂ ੨. ਹਥੌੜਾ ੩. ਅਨੇਕ ਹੈਨ ੪. ਦਿਲ, ਭਾਵ ਹਉਮੈ ੫. ਫਕੀਰ ਦੀ ਤੰਗ ਕੁਟੀਆ।

ਜਾਂ ਸਿਰਿ ਆਵੀ ਆਪਣੇ, ਤਾਂ ਕੋ ਮੀਤ ਨ ਯਾਰ।

52

ਫਰੀਦਾ ਜੇ ਤੂੰ ਵੰਞੈ ਹਜੁ, ਹੱਜ ਹਭੋਹੀ ਜੀਆ ਮੈਂ
ਲਾਹ ਦਿਲੇ ਦੀ ਲੱਜੁ, ਸੱਚਾ ਹਾਜੀ ਤਾਂ ਥੀਵਹਿੰ।

53

ਫਰੀਦਾ ਮੰਞਿ ਮੱਕਾ ਮੰਞਿ ਮਾੜੀਆਂ, ਮੰਞੇ ਹੀ ਮਿਹਰਾਬ
ਮੰਞੇ ਹੀ ਕਾਅਬਾ ਥੀਆ, ਕੈਂ ਦੇ ਕਰੀ ਨਿਵਾਜ਼।

54

ਫਰੀਦਾ ਮੈਂ ਨੂੰ ਮੁੰਜ ਕਰਿ, ਨਿੱਕੀ ਕਰਿ ਕਰਿ ਕੁੱਟਿ
ਭਰੇ ਖਜ਼ਾਨੇ ਰੱਬ ਦੇ, ਜੋ ਭਾਵਹਿ ਸੋ ਲੁੱਟਿ।

55

ਕੂਕ ਫਰੀਦਾ ਕੂਕ ਤੂ, ਜਿਉਂ ਰਾਖਾ ਜੁਆਰ
ਜਬ ਲਗ ਟਾਂਡਾ ਨ ਗਿਰੇ, ਤਬ ਲਗਿ ਕੂਕ ਪੁਕਾਰ।

56

ਫਰੀਦਾ ਜੇ ਤੂ ਦਿਲ ਦਰਵੇਸ਼, ਰੱਖ ਅਕੀਦਾ ਸਾਮੁਣਾ
ਦਰਹੀਂ ਸੇਤੀ ਦੇਖ, ਮੱਥਾ ਮੋੜਿ ਨ ਕੰਡ ਦੇਹੁ।

57

ਫਰੀਦਾ ਦਰਦ ਨ ਵੰਞਨਿ ਦਾਰੂਏਂ ਜਿ ਲੱਖ ਤਬੀਬ ਲਗੰਨਿ
ਚੰਗੀ ਭਲੀ ਥੀਂ ਬਹਾਂ, ਜੇ ਮੂੰ ਪਿਰੀ ਮਿਲੰਨਿ।

58

ਜੇ ਜੇ ਜੀਵੇਂ ਦੁਨੀ ਤੇ, ਖੁਰੀਏ ਕਹੀਂ ਨ ਲਾਇ
ਇਕਹੁ ਖੱਫਣ ਰਖਕੇ, ਹੋਰ ਸਭਹੁ ਦੇਹਿ ਲੁਟਾਇ।

59

ਫਰੀਦਾ ਜਾਂ ਜਾਂ ਜੀਵੇਂ ਦੁਨੀ ਤੇ, ਤਾਂ ਤਾਂ ਪਹਿ ਅਲਖ
ਦਰਗਾਹਿ ਸੱਚਾ ਤਾ ਥੀਵੈ, ਜਾਂ ਖੱਫਣ ਮੂਲ ਨ ਰੱਖ।

60

ਫਰੀਦਾ ਮਾਉਂ ਮਹਿੰਡੀ ਕਮਲੀ, ਜਿਨ 'ਜੀਵਣ' ਰਖਿਓ ਨਾਉਂ
ਜਾਂ ਦਿਨ ਪੁੰਨੇ ਮਉਤ ਦੇ, ਨ ਜੀਵਣੁ ਨ ਨਾਉਂ।

61

ਫਰੀਦਾ ਦਿਲ ਅੰਦਰਿ ਦਰੀਆਉ, ਕੰਢੀਂ ਲਗਾ ਕੀ ਫਿਰੈਂ
ਟੁੱਭੀ ਮਾਰ ਮੰਝਾਂਹਿ, ਮੰਝਹੁ ਹੀ ਮਾਣਕ ਲਹਹਿੰ।

62

ਫਰੀਦਾ ਟੁੱਭੀ ਮਾਰਨ ਗਾਖੜੀ, ਸੱਧਰਾਂ ਲੱਖ ਕਰੇਨਿ
ਜਿਨ੍ਹਾਂ ਦਾ ਮਨ ਧ੍ਰਾਪਿਆ੧, ਸੇ ਮਾਣਕ ਲਭੇਨਿ।

63

ਫਰੀਦਾ ਮਾਣਕ ਮੋਲ ਅਥਾਹੁ, ਕਦਰ ਕੀ ਜਾਣਹਿ ਸ਼ੀਸਗਰ੨
ਇਕੇ ਤ ਗੂੜ੍ਹਾ ਸ਼ਾਹ੩, ਇਕੈ ਤਾਂ ਜਾਣਹਿ ਜਉਹਰੀ।

64

ਫ਼ਰੀਦਾ ਇਕਨਾ ਮਤਿ ਖੁਦਾਇ ਦੀ, ਇਕਨਾ ਮੰਗ ਲਈ
ਹਿਕ ਦਿਤੀ ਮੂਲ ਨ ਘਿੰਨਦੇ੪, (ਜਿਉਂ) ਪੱਥਰ ਬੂੰਦ ਪਈ।

65

ਫਰੀਦਾ ਵੱਡੀ ਏਹ ਬਹਾਦਰੀ, ਕਰਿ ਕੁਸੰਗ ਕੇ ਤਿਆਗ
ਦਰਗਹਿ ਥੀਂ ਮੁਖ ਉਜਲਾ, ਕੋਇ ਨ ਲਗਹਿ ਦਾਗੁ।

66

ਫਰੀਦਾ ਐਸਾ ਹੋਇ ਰਹੁ, ਜੈਸਾ ਕੱਖ ਮਸੀਤਿ
ਪੈਰਾਂ ਤਲੈ ਲਿਤਾੜੀਐ, ਕਦੇ ਨ ਛੋਡਹਿ ਪ੍ਰੀਤਿ।

67

ਫਰੀਦਾ ਪਾਉਂ ਪਸਾਰ ਕੈਪ, ਅੱਠੇ ਪਹਰ ਹੀ ਸਉਂ

---

੧. ਤ੍ਰਿਪਤ ੨. ਕੱਚ ਦਾ ਕੰਮ ਕਰਨ ਵਾਲਾ ੩. ਤਕੜਾ ਅਮੀਰ
੪. ਲੈਂਦੇ ਨਹੀਂ ੫. ਭਾਵ ਨਿਸਚਿੰਤ ਹੋਕੇ।

ਲੇਖਾ ਕੋਈ ਨ ਪੁਛਈ, ਜੇ ਵਿਚਹੁੰ ਜਾਵੀ ਹਉਂ।

68

ਫਰੀਦਾ ਕੂਕੇਂਦੜਾ ਤ ਕੂਕ, ਕਦੇ ਤ ਰੱਬ ਸੁਣੇਸੀਆ
ਨਿਕਲ ਵੈਸੀ ਫੂਕ, ਤਾਂ ਫਿਰਿ ਕੂਕ ਨ ਹੋਸੀਆ।

69

ਫਰੀਦਾ ਖੇਤੀ ਉਜੜੀ, ਗਿਰਵੀ ਪਰ ਰਹਿਆ ਮਾਲ
ਸਾਹਿਬ ਲੇਖਾ ਮੰਗਸੀ, ਬੰਦੇ ! ਕਉਣ ਹਵਾਲ।

70

ਫਰੀਦਾ ਖੇਤੀ ਊਜੜੀ ਸੱਚੇ ਸਿਉਂ ਲਿਵ ਲਾਇ
ਜੇ ਅਧਖਾਧੀ ਉਬਰਹਿ, ਤਾਂ ਫਲ ਬਹੁਤੇਰਾ ਪਾਇ।

71

ਫਰੀਦਾ ਦਰ ਭੀੜਾ ਘਰ ਸੰਕੁੜਾ[੧], ਗੋਰ ਨਿਵਾਹੂ ਨਿਤ
ਦੇਖਿ ਫਰੀਦਾ ਜਿ ਥੀਆ, ਸੋ ਕੱਲ ਚਲੇ ਮਿਤ।

72

ਫਰੀਦਾ ਦੇਹ ਜਰਜਰਿ[੨] ਭਈ, ਨੈਣੀਂ ਵਹੈ ਸਰੇਸ[੩]
ਸੈ ਕੋਹਾਂ ਮੰਜਾ ਭਇਆ, ਅੰਙਣ[੪] ਥੀਆ ਬਿਦੇਸ।

73

ਫਰੀਦ ਚਲੇ ਪਰਦੇਸ ਕਉ, ਕੁਤਬ ਜੂ ਕੇ ਭਾਉ
ਸਾਂਪਾਂ, ਜੋਧਾਂ, ਨਾਹਰਾਂ[੫], ਤੀਨੋ ਦਾਉ ਬੰਧਾਉ।

74

ਕਾਗ ਕਲੋਲੀਂ ਕਰਿ ਗਏ, ਬਗ ਬੈਠੇ ਸਰ ਮੱਲਿ
ਸੰਙਲ ਘਿੰਨ ਫਰੀਦ ਤੂ, ਵੰਞਣੁ ਅਜ ਕਿ ਕੱਲ੍ਹ।

75

ਫਰੀਦਾ ਰਾਤੀਂ ਅਤੈ ਡੇਹੁੰ, ਵੰਞਨਿ ਵਿਦਾ ਕਰੇਂਦਿਆਂ

---

੧. ਤੰਗ ੨. ਪੁਰਾਣੀ ੩. ਗੰਦਾ ਪਾਣੀ ੪. ਵਿਹੜਾ ੫. ਸ਼ੇਰਾਂ।

ਇਹ ਭਿ ਕੂੜਾ ਨੇਹੁ, ਰੱਬ ਜਾਗਹਿ ਤੂੰ ਪੈ ਸਵਹਿਂ।

76

ਸ਼ੇਖ ਫਰੀਦ ਤਵੱਕਲੀ੧, ਮਾਲ ਨ ਧਰਹਿ ਪਿਆਰ
ਤਲੇ ਬਿਛਾਵਹਿ ਕੰਕਰੇ, ਸੇਵਹਿਂ ਸਾਲਿਕ ਦੁਆਰ।

77

ਖਿੜਕੀ ਖੁਲ੍ਹੀ ਅਰਸ਼ ਦੀ, ਖੁਲ੍ਹੇਸਨਿ ਭਿ ਦੁਆਰ
ਮੰਗ ਫਰੀਦਾ ਮੰਗਣਾ, ਏਹਾ ਮੰਗਣਵਾਰ।

78

ਫਰੀਦਾ ਜੰਗਲ ਦਿਤਾ ਸੇਵਣਾ, ਅਰੁ ਅੰਧਯਾਰੀ ਗੋਰ
ਮਿਟੀ ਮਿਟੀ ਰਲਿ ਗਈ, ਉਤੇ ਪਉਸੀ ਹੋਰ।

79

ਫਰੀਦਾ ਅਤਿ ਰੰਗੜੇ ਵਿਗੁਚਯੋ੨, ਵੰਞਿ ਪੁਛਾ ਮੰਜਿੱਠ
ਟੰਕੇ ਤੋਲ ਬਿਕਾਂਵਦੀ ਸੁ ਗਲੀ ਰੁਲੰਦੀ ਦਿੱਠ।

80

ਜੰਗਲ ਜਾਇ ਬਿਲਾਸ ਕਰ, ਭੁਖ ਨ ਸਾੜਿ ਸਰੀਰ
ਭੋਜਨ ਸ਼ੇਖ ਫਰੀਦ ਦਾ, ਜਾਲੀ, ਜੰਡ, ਕਰੀਰ।

81

ਫਰੀਦਾ ਭੁਖ ਨ ਲਾਵਣੁ ਮੰਗਿਆ, ਇਸ਼ਕ ਨ ਪੁਛੀ ਜਾਤ
ਨੀਂਦ ਨ ਸੱਥਰੁ ਮੰਗਿਆ, ਕਿਵਹਿਂ ਵਿਹਾਣੀ ਰਾਤਿ।

82

ਕਾਗੈਂ ਆਇ ਢੰਡੋਲਿਆ, ਪਾਇਆ ਮੁਠ ਕੁ ਹੱਡ
ਜਿਨ ਪਿੰਜਰ ਬ੍ਰਿਹਾ ਬਸੈ, ਮਾਸ ਕਹਾਂ ਤੇ ਰੱਤ੩।

83

ਇਹ ਤਨ ਰੱਤਾ ਦੇਖ ਕਰਿ, ਤਿਲਿਯਰ ਠੂੰਗ ਨ ਮਾਰਿ

---

੧. ਭਾਣੇ ਦੇ ਸ਼ਾਕਰ ੨. ਗੂੜ੍ਹੇ ਰੰਗ ਦੇ ਮਾਣ ਵਿਚ ਖੋ ਗਿਆ ੩ ਲਹੂ

ਜੋ ਰੱਤੇ ਰੱਬ ਆਪਣੇ, ਤਿਨ ਤਨਿ ਰਤੁ ਨ ਭਾਲ।
ਫਰੀਦਾ ਮਿਰਗੀਂ ਅਤੇ ਆਸ਼ਕੀਂ, ਬਾਲੀਂ ਮੀਝੁ੧ ਨ ਹੋਇ
ਜੋ ਜਲ ਰਤੇ ਰੱਬ ਸਿਉਂ, ਤਿਨ ਤਨਿ ਰੱਤੁ ਨ ਕੋਇ।
ਫਰੀਦਾ ਕਰੰਗ ਢੰਡੋਲਿਆ, ਚੂੰਡਣ ਨਾਹੀਂ ਥਾਂਉਂ
ਹਿਕ ਨ ਚੂੰਡ ਮੈਂਡੀ ਜੀਭੜੀ, ਜਿਤੁ ਘਿੰਨਾਂ ਹਰਿ ਨਾਉਂ।

84

ਫਰੀਦਾ ਤੱਤੇ ਠੰਢੇ ਵੰਞਸਨਿ, ਸਿਰ ਤਾਣ ਜੌਂ ਅਡਿ
ਜੇ ਲੋੜਹਿੰ ਦੀਦਾਰ ਨੇ, ਤਾ ਤਨ ਧਰ ਤਲ ਗਡਿ।

85

ਫਰੀਦਾ ਜਿਤ ਕਲੰਮਾ ਲਿਖਯਾ, ਜੇ ਮੈਂ ਹੋਵਾ ਪਾਸਿ
ਕਰ ਮਿੰਨਤਿ ਕਰ ਜੋਦੜੋ੨, ਪਿਰੀ ਲਿਖਾਵਾਂ ਰਾਸਿ।੩

86

ਅਭੜ-ਵੰਜੈ ਉਠ ਕੈ, ਲਗਹਿ ਧੰਦੈ ਜਾਇ
ਦੇਖ ਫਰੀਦਾ ਜੁ ਥੀਆ, ਝੁਰਣਾ ਗਯਾ ਵਿਹਾਇ।

87

ਜਾਂ ਜਾਂ ਰੂਹ ਰਕੂਅ ਮੈਂੜ, ਤਾਂ ਦੇਹੀ ਨੋ ਰੰਗ
ਦਾਣਾ ਪਾਣੀ ਥਾਂਉਂ ਦਾ, ਮਸਤਕਿ ਲਿਖਯਾ ਅੰਗ।

88

ਲੱਖ ਕਰੋੜੀਂ ਖੱਟ ਕੈ, ਬੰਦਾ ਜਾਇਗੁ ਨੰਗ
ਫਰੀਦਾ ਜਿੰਦ ਨ ਛਡਦਾ, ਅਜਰਾਈਲ ਮਲੰਗ।

89

ਬਾਜੇ ਬੱਜੇ ਮਉਤ ਦੇ, ਸਗਲਿ ਜਹਾਨ ਸੁਣੇ
ਪੀਰ ਪਿਕੰਬਰ ਅਉਲੀਏ, ਸੇ ਭੀ ਮਉਤ ਚੁਣੇ।
ਖਾਕਾਂ ਵਿਚ ਘੜੀਸੀਅਨ, ਪਾਣੀ ਪੀਣ ਪੁਣੇ।

੧. ਮਿੱਝ ੨. ਤਰਲਾ, ਬੇਨਤੀ ੩. ਠੀਕ ਠੀਕ, ਤਨ ਵਿਚ।

ਲਿਖੀ ਮੁਹਲਤਿ ਚਲਣਾ, ਫਰੀਦਾ ਜਿਉਂ ਜਿਉਂ ਪਏ ਗੁਣੇ।

90

ਫਰੀਦਾ ਮਲਕ ਦੀਆਂ ਅੱਖੀਂ ਗੱਡੀਆਂ, ਬਿਜਲਵੈ ਚਮਕਾਰ
ਤਿਨਾਂ ਨੀਂਦੜੀ ਕਯੋਂ ਪਵੈ, ਜਿਨ੍ਹਾ ਮਲਕ੧ ਜੇਹੇਂ ਜੰਦਾਰ।

91

ਫਰੀਦਾ ਰੋਵਣ ਜਲਣ ਨਿਵਾਰ, ਨ ਕਰਿ ਅੱਖੀਂ ਗਾਢੀਯਾਂ
ਲੰਮੀ ਨਦਰਿ ਨਿਹਾਲ, ਸਭੋ ਜੱਗ ਹੀ ਵਾਂਢੜਾ੨।

92

ਫਰੀਦਾ ਪੈਰੀਂ ਬੇੜਾ ਠੇਲ੍ਹ ਕਰਿ, ਕੰਧੀਂ ਖੜਾ ਨ ਹੋਇ
ਵਤਿ ਨ ਆਵਣ ਥੀਵਸੀ, ਰਾਤਿ ਨੀਂਦੜੀ ਹੋਇ।

93

ਫਰੀਦਾ ਬੇੜਾ ਜਰਜਰਾ, ਕੰਬਣ ਲਗਾ ਜੀਉ
ਜੇ ਤੁਝ ਪਾਰਿ ਲੰਘਾਵਣਾ, ਤਾਂ ਆਪਿ ਮੁਹਾਣਾ੩ ਥੀਉ

94

ਫਰੀਦਾ ਜਿ ਮੈਂ ਪੁਛਾਂ ਹੱਸਕੈ, ਸੋ ਮੈਂ ਪੁਛਨਿ ਰੋਇ
ਜਗ ਸਭੋਈ ਢੂੰਡਿਆ, ਡੁਖਾਂ ਬਾਝੁ ਨ ਕੋਇ।

95

ਫਰੀਦਾ ਸੁਖਾਂ ਨੂੰ ਢੂੰਡੇਦਿਆਂ, ਡੁਖ ਨ ਵਾਰੀ ਦੇਨਿ
ਇਕ ਭਰਿ ਭਰਿ ਪੂਰ ਲੰਘਾਇਅਨਿ, ਬਿਆ੪ ਪੱਤਣ ਆਇ ਖਲੇਨਿ।

96

ਸੁਖ ਡੁਖਾਹੂੰ ਅਗਲੇਪ, ਜੋ ਗਹਲੇ ਧੀਰੇਇ
ਸੁਖਾਂ ਲਾਇਕ ਤ ਥੀਵਹਿ, ਜਾਂ ਡੁਖ ਕਬੂਲ ਕਰੇਇ।

---

੧. ਮੌਤ ਦਾ ਫਰਿਸ਼ਤਾ ੨. ਪਰਦੇਸੀ, ਬਿਗਾਨਾ ੩. ਮਲਾਹ ੪. ਦੂਜੇ
੫. ਬਹੁਤੇ।

ਸੁਖਾਂ ਡੁਖਾਂ ਧੰਧਲਾ, ਤਿਨਾ ਦਿਤੀ ਝੋਕ
ਜਾਂ ਸਿਰਿ ਆਈ ਆਪਣੇ, ਤਾਂ ਮਜ਼ਾ ਕੀਤੋਨੁ ਲੋਕ।

98

ਫਰੀਦਾ ਸਾਯਾ ਸਿਕਾ ਵੇਖ ਕੈ, ਲੋਕ ਜਾਣੈ ਦਰਵੇਸ਼
ਅੰਦਰ ਭਰਯਾ ਮਾਂਸੁਲੀਰ, ਬਾਹਰਿ ਕੂੜਾ ਵੇਸ।

99

ਫਰੀਦਾ ਅੰਦਰਿ ਭਰਯਾ ਮਾਂਸਲੀ, ਬਾਹਰ ਕੀਆ ਸ਼ੀਂਗਾਰ
ਪਾਜ ਤਿਦਾਈਂ ਉਘੜਹਿ, ਜਿਥੈ ਮਿਲਨਿ ਕੰਧਾਰ੨।

100

ਫਰੀਦਾ ਸਜੇ ਸੱਥਰ ਜਿਨ੍ਹਾਂ ਪਾਂਧੀਆਂ, ਛੁਟੇ ਕਬਰ ਬਣੀ
ਜਿਨ੍ਹਾਂ ਸਿਰ ਪਰਿ ਵੰਞਣਾ, ਤਿਨਾਂ ਕੂੜ ਮਣੀ।

101

ਫਰੀਦਾ ਦਰਦ ਜਿਨ੍ਹਾਂ ਦੇ ਦਾਇਰੇ੩, ਸੇਈ ਸੂਲ ਸਹੰਨਿ
ਮੰਝੇ੪ ਚੜ੍ਹਨਿ ਕੜਾਹੀਆਂ, ਮੰਝੇ ਹੀ ਤਲਿਯੰਨਿ।

102

ਜਾ ਮੂੰ ਲਗਾ ਨੇਹੁ, ਤਾਂ ਮੈਂ ਡੁਖ ਵਿਹਾਜਿਆ
ਝੁਰਾਂ ਹਭੇ ਹੀ ਡੇਹੁ, ਕਾਰਣਿ ਸਚੇ ਮਾ ਪਿਰੀ।

103

ਫਰੀਦਾ ਜਾਗਣਾ ਈਂ ਤਾਂ ਜਾਗ, ਹੋਇ ਆਈ ਪ੍ਰਭਾਤ
ਇਸ ਜਾਗਣੁ ਨੋ ਪਛੁਤਾਹਿਗਾ, ਘਣਾ ਸਵਹਿੰਗਾ ਰਾਤ।

104

ਅਜ ਕਿ ਕੱਲ ਚਹੁੰ ਦਿੰਹੀਂ, ਓੜਕ ਦਿਨ ਦਸੀਂ
ਇਸ ਸੁਹਾਵੜੇ ਦੇਸੜੇ, ਨ ਹੋਵਹਿ ਅਸੀਂ ਤੁਸੀਂ।

---

੧. ਮਿੱਝ ਮਾਸ ੨. ਕਾਂਧੀ, ਕਾਨ੍ਹੀ ੩. ਘੇਰੇ ਅੰਦਰ ੪. ਅੰਦਰੋ ਅੰਦਰ।

105

ਫਰੀਦਾ ਇਸ ਜਹਾਨ ਵਿਚ ਦੋ ਤ੍ਰੈ ਚੰਗੇ ਟੋਲ
ਹਥੌੜੇ, ਵਦ ਨ ਵਿਚਲਣ, ਮੁਖਹੁੰ ਮਿਠਾ ਬੋਲ।

106

ਫਰੀਦਾ ਖਾਕੂ ਸੰਦੀਆਂ ਢੇਰੀਆਂ, ਉਪਰਿ ਮੇਲੇ ਕੱਖ
ਉਥਹੁੰ ਕੋਇ ਨ ਆਂਵਹੀ, ਇਥਹੁੰ ਵੰਞਹਿ ਲੱਖ।

107

ਫਰੀਦਾ ਜਾਂ ਜਾਂ ਰੰਗ ਬਾਜ਼ਾਰ ਮੈਂ, ਸਉਦਾ ਨ ਕੀਤੋਮਿ
ਹਟਵਾਣੀਆ ਵੱਥ ਸੰਮਲੈ, ਘਤਾਂ ਜਾਦ ਪਇਓਮਿ।

108

ਫਰੀਦਾ ਟੁਭੀ ਮਾਰਨਿ ਗਾਖੜੀ, ਸੱਧਰਾਂ ਲੱਖ ਕਰੇਨਿ
ਜਿਨ੍ਹਾਂ ਦਾ ਮਨ ਧੋਪਿਆ, ਸੇ ਮਾਣਕ ਲਭਿਏਨਿ।

109

ਜਿਤੁ ਮੁਖਿ ਕਦੀ ਨ ਦੇਂਦੀਆ, ਤੱਤਾ ਭੋਜਨ ਵਾਤਿ੧
ਤਿਸਹਿ ਉਪਰਿ ਢਾਂਡੜੀ੨, ਬਲਸਿ ਸਗਲੀ ਰਾਤਿ।

110

ਫਰੀਦਾ ਛੱਪਰ ਬੱਧਾ ਕਾਨਿਆ, ਭਏ ਪੁਰਾਣੇ ਕੱਖ
ਸੇ ਸੱਜਣ ਕਿਉਂ ਵੀਸਰਹਿ, ਗੁਣ ਜਿਨ੍ਹਾਂ ਦੇ ਲੱਖ।

111

ਫਰੀਦਾ ਘੁਰੇ ਦਮਾਮੇ ਮਉਤ ਦੇ, ਸਗਲਿ ਜਹਾਨ ਸੁਣੇ
ਜੁਗ ਛਤੀਹ ਵਾਪਰੇ, ਘਾਹੇ ਵਾਂਗੁ ਲੁਣੇ
ਨੇਜੀਂ-ਬੱਧੇ ਧਾਂਵਦੇ, ਸੇ ਭਿ ਮਲਕ ਚੁਣੇ
ਚੀਰੀੜ ਆਈ ਚਲਣਾ, ਜਿਉਂ ਜਿਉਂ ਪਵਨਿ ਗੁਣੇ।

---

੧. ਮੂੰਹ ਵਿਚ ੨. ਧੂਣੀ, ਚਿਖਾ ੩. ਚਿਠੀ।

112

ਫਰੀਦਾ ਜਲਿ ਝੀਂਗਾਰਨ ਮੱਛੀਆਂ, ਥਲਿ ਝੀਂਗਾਰਨਿ੧ *ਮੋਰ
ਵਿਧਣ੨ ਰਾਤੀਂ ਆਈਆਂ, ਤਿਤਿ ਨਿਮਾਣੀ ਗੋਰਿ।

113

ਅੱਖੀਂ ਲੱਖ ਪਸਿਅੰਨਿ੩, ਰੂਹ ਨ ਰਾਜ਼ੀ ਕਹੀਂ ਸਿਉਂ
ਮੈਂਡੀਆਂ ਸਿਕਾਂ ਸਭ ਪੁਜੰਨਿ, ਜਾਂ ਮੁਖ ਦੇਖਾਂ ਸੱਜਣਾ।

114

ਇਹ ਦਿਲ ਅਜਬ ਕਿਤਾਬ, ਜਿਥੈ ਦੂਜਾ ਹਰਫ ਨ ਲਿਖੀਐ
ਸੋ ਦਮ ਕਿਤ ਹਿਸਾਬ, ਜੋ ਦਮ ਸਾਂਈ ਵਿਸਰਹਿ।

115

ਫਰੀਦਾ ਇਹ ਦਮ ਗਏ ਬਾਉਰੇ, ਜਾਗਣ ਕੀ ਕਰਿ ਚੌਂਪ
ਇਹ ਦਮ ਹੀਰੇ ਲਾਲ ਨੇ, ਗਿਣ ਗਿਣ ਸ਼ਾਹ ਨੋ ਸੌਂਪ।

✤✤✤

*੧. ਕੂਕਦੇ ਪੁਕਾਰਦੇ ੨ ਦੁਖਦਾਈ ੩ ਦੇਖਦੀਆਂ ਹਨ।

(ਭਾਗ ਤੀਜਾ)

ਤਾਂ ਬਾਬਾ ਫਰੀਦ ਬੋਲਿਆ :-

(ਇਹ ਸਾਖੀਆਂ ਕੁਝ ਇਤਿਹਾਸਕ ਹਨ ਤੇ ਕੁਝ ਕਾਲਪਨਿਕ। ਮਹਾਂਪੁਰਸ਼ਾਂ ਯਾਂ ਦਰਵੇਸ਼ਾਂ ਫਕੀਰਾਂ ਦੀ ਮਹਿਮਾ ਬਾਰੇ ਇਸ ਕਿਸਮ ਦੀਆਂ ਗੱਲਾਂ ਆਮ ਚਲਦੀਆਂ ਸੁਣੀਆਂ ਜਾਂਦੀਆਂ ਹਨ। ਮਨੋਰਥ ਪੂਜਨੀਕ ਸ਼ਖਸੀਅਤ ਦਾ ਗੌਰਵ ਦ੍ਰਿੜ ਕਮਾਉਣਾ ਹੁੰਦਾ ਹੈ। ਇਨ੍ਹਾਂ ਤੋਂ ਬਾਬਾ ਫਰੀਦ ਜੀ ਦੀ ਸ਼ਖਸੀਅਤ, ਸੁਭਾਉ ਤੇ ਮਹਿਮਾ ਦਾ ਪਤਾ ਲਗਦਾ ਹੈ।)

ਤਾਂ ਬਾਬਾ ਫਰੀਦ ਬੋਲਿਆ

੧ ਸ਼ੱਕਰਗੰਜ

ਸ਼ੇਖ ਫ਼ਰੀਦ ਦਾ ਸਭ ਤੋਂ ਪ੍ਰਸਿੱਧ ਨਾਮ 'ਸ਼ੱਕਰਗੰਜ' ਹੈ। ਸ਼ੱਕਰਗੰਜ ਦਾ ਅਰਥ ਹੈ, ਖੰਡ ਦਾ ਢੇਰ, ਮਿੱਠਤ ਦਾ ਭੰਡਾਰ। ਇਸ ਨਾਂ ਬਾਰੇ ਕਈ ਕਥਾ ਕਹਾਣੀਆਂ ਪ੍ਰਚਲਤ ਹਨ।

ਇਕ ਰਵਾਇਤ ਹੈ ਸ਼ੇਖ ਫਰੀਦ ਦੀ ਮਾਂ ਮੁਸੱਲੇ ਹੇਠ ਰੋਜ਼ ਸ਼ੱਕਰ ਰਖ ਦਿੰਦੀ ਸੀ ਤਾਂ ਜੁ ਇਸ ਲਾਲਚ ਨਾਲ ਬਾਲਕ ਬੰਦਗੀ ਵਲ ਲਗ ਜਾਵੇ। ਇਉਂ ਫਰੀਦ ਨਿਮਾਜ਼ ਪੜ੍ਹਦਾ ਤੇ ਰੋਜ਼ ਮੁਸੱਲਾ ਚੁਕ ਕੇ ਖੁਸ਼ੀ ਖੁਸ਼ੀ ਸ਼ੱਕਰ ਖਾਂਦਾ। ਇਕ ਦਿਨ ਮਾਂ ਭੁਲ ਗਈ। ਫਰੀਦ ਨੇ ਆਦਤ ਅਨੁਸਾਰ ਮੁਸੱਲੇ ਹੇਠੋਂ ਮਿਟੀ ਦੀ ਹੀ ਮੁਠ ਭਰ ਲਈ ਤਾਂ ਕਹਿੰਦੇ ਹਨ ਉਹੋ ਵੀ ਸ਼ੱਕਰ ਬਣ ਗਈ।

ਇਕ ਕਹਾਣੀ ਹੋਰ ਹੈ, ਫਰੀਦ ਆਪਣੇ ਮੁਰਸ਼ਦ ਖੁਆਜਾ ਬਖਤਿਆਰ ਕਾਕੀ ਵਲ ਕਾਹਲੀ ਕਾਹਲੀ ਜਾ ਰਹੇ ਸਨ, ਪੈਰ ਖੜਾਵਾਂ ਸਨ, ਜ਼ਰਾ ਅੜ੍ਹਕ ਕੇ ਡਿੱਗ ਪਏ ਤਾਂ ਮੂੰਹ ਵਿਚ ਗਾਰਾ ਪੈ ਗਿਆ ਜੋ ਆਪ ਨੂੰ ਸ਼ੱਕਰ ਵਰਗਾ ਲਗਾ। ਇਹ ਸਾਰੀ ਵਿਥਿਆ ਆਪ ਨੇ ਮੁਰਸ਼ਦ ਨੂੰ ਸੁਣਾਈ। ਉਨ੍ਹਾਂ ਕਿਹਾ ! 'ਫਰੀਦ, ਅਜ ਤੇਰੇ ਮੂੰਹ ਵਿਚ ਪਈ ਮਿਟੀ, ਸ਼ੱਕਰ ਹੋ ਗਈ, ਕੱਲ, ਰੱਬ ਤੇਰੇ ਸਾਰੇ ਵਜੂਦ ਨੂੰ ਸ਼ੱਕਰ ਜੇਹਾ ਬਣਾ

ਦੇਵੇਗਾ। ਤੂੰ ਇਸ ਨਿਆਮਤ ਦੀ ਕਦਰ ਕਰ ਤੇ ਹਰ ਇਕ ਨਾਲ ਪਿਆਰ ਮਿੱਠਤ ਤੇ ਉਦਾਰਤਾ ਨਾਲ ਵਰਤੋਂ ਵਿਹਾਰ ਕਰ।'

ਇਕ ਵਾਰ ਫ਼ਰੀਦ, ਜਦ ਰੋਜ਼ਾ ਖੋਲ੍ਹਣ ਲਗੇ ਤਾਂ ਖਾਣ ਨੂੰ ਕੋਈ ਚੀਜ਼ ਨਾ ਮਿਲੀ। ਆਪ ਨੇ ਜ਼ਮੀਨ ਤੋਂ ਦੋ ਮਿਟੀ ਦੇ ਢੇਲੇ ਚੁਕ ਕੇ ਮੂੰਹ ਵਿਚ ਪਾ ਲਏ ਜੋ ਸ਼ੱਕਰ ਵਰਗੇ ਮਿੱਠੇ ਸਨ। ਪੀਰ ਨੇ ਕਿਹਾ, 'ਇਹ ਬਖਸ਼ਿਸ਼ ਗ਼ੈਬੀ ਹੋਈ ਹੈ, ਜੋ ਧੁਰੋਂ ਗੱਫ਼ਾ ਮਿਲੇ, ਉਹ ਸਚਮੁਚ ਪਵਿਤਰ ਤੇ ਆਦਰ ਲਾਇਕ ਹੁੰਦਾ ਹੈ।'

੨ ਢੋਲ

ਇਕ ਦਿਨ ਦੀ ਗੱਲ ਹੈ, ਦੂਰ ਢੋਲ ਵੱਜਦਾ ਪਿਆ ਸੀ। ਫਰੀਦ ਭੱਜਾ ਭੱਜਾ ਮਾਤਾ ਪਾਸ ਆਇਆ ਤੇ ਪੁੱਛਣ ਲਗਾ 'ਮਾਤਾ ਜੀ! ਇਹ ਢੋਲ ਕਿਸ ਦਾ ਵਜਦਾ ਹੈ ਤੇ ਕਿਉਂ ਵਜਦਾ ਹੈ ?' ਮਾਂ ਨੇ ਜਵਾਬ ਦਿਤਾ 'ਪੁੱਤਰ! ਇਹ ਤੇਰੇ ਭਾਈ ਮੁਰਾਦ ਦਾ ਢੋਲ ਹੈ, ਉਸ ਨੇ ਇਥੋਂ ਦੋ ਤਿੰਨ ਕੋਹਾਂ ਤੇ ਨਵਾਂ ਚੱਕ ਬੰਨ੍ਹਿਆ ਹੈ, ਇਸ ਕਰ ਕੇ ਢੋਲ ਵਜਾਇਆ ਜਾ ਰਿਹਾ ਹੈ। ਫਰੀਦ ਨੇ ਕਿਹਾ, 'ਮੈਨੂੰ ਵੀ ਢੋਲ ਲੈ ਦਿਓ, ਮੈਂ ਵੀ ਆਪਣਾ ਢੋਲ ਵਜਾਵਾਂ।' ਮਾਂ ਨੇ ਜਵਾਬ ਦਿੱਤਾ, 'ਪੁੱਤਰ! ਤੇਰਾ ਢੋਲ ਕਸਿਆ ਜਾ ਰਿਹਾ ਹੈ, ਜਦ ਇਹ ਵੱਜੇਗਾ ਤਾਂ ਤਿੰਨਾ ਕੋਹਾਂ ਵਿਚ ਹੀ ਨਹੀਂ ਬਲਕਿ ਤਿੰਨਾਂ ਲੋਕਾਂ ਵਿਚ ਸੁਣਾਈ ਦੇਵੇਗਾ।'

੩ ਰੱਬੀ ਓਟ

ਸ਼ੇਖ ਫਰੀਦ ਘੋਰ ਜੰਗਲ ਵਿਚ ਤਪ ਕਰ ਰਹੇ ਸਨ, ਨ ਉਥੇ ਪਾਣੀ ਹੀ ਸੀ ਨਾ ਕੋਈ ਪ੍ਰਾਣੀ। ਪਿਆਸ ਲਗੀ ਤਾਂ ਲੱਭਦੇ ਲੱਭਦੇ ਇਕ ਖੂਹ ਦੇ ਨੇੜੇ ਚਲੇ ਗਏ। ਡੋਰੀ ਗੜਵਾ ਕੋਲ ਨਹੀਂ ਸੀ, ਉਡੀਕ ਕਰਨ ਲਗੇ ਕਿ ਜੇ ਕੋਈ ਇਧਰ

ਆਵੇ ਤਾਂ ਮੈਂ ਪਾਣੀ ਪੀ ਲਵਾਂ। ਕਹਿੰਦੇ ਹਨ, ਇਤਨੇ ਨੂੰ ਇਕ ਹਰਨਾਂ ਦੀ ਡਾਰ ਆਈ ਤਾਂ ਉਸ ਖੂਹ ਦਾ ਪਾਣੀ ਆਪਣੇ ਆਪ ਉਤੇ ਆ ਗਿਆ ਤੇ ਹਰਨ ਪਿਆਸ ਬੁਝਾ ਕੇ ਚਲੇ ਗਏ।

ਜਦ ਖੂਹ ਦਾ ਉਛਾਲ ਦੇਖ ਕੇ ਤਪੀਆ ਫ਼ਰੀਦ ਅੱਗੇ ਵਧਿਆ ਤਾਂ ਪਾਣੀ ਹੇਠ ਉਤਰ ਗਿਆ। ਫ਼ਰੀਦ ਨੇ ਰੱਬ ਨੂੰ ਉਲਾਂਭਾ ਦਿੰਦਿਆਂ ਕਿਹਾ, 'ਇਨ੍ਹਾਂ ਜਾਨਵਰਾਂ ਵਾਸਤੇ ਪਾਣੀ ਹੈ ਤੇ ਕੀ ਆਪਣੇ ਭਗਤਾਂ ਫ਼ਕੀਰਾਂ ਲਈ ਇਹ ਵੀ ਨਹੀਂ? ਆਖਰ ਇਹ ਕੇਹਾ ਨਿਆਂ ਹੈ ?'

ਅਸਮਾਨ ਤੋਂ ਅਵਾਜ਼ ਆਈ :-

'ਫਰੀਦ! ਤੂੰ ਤਾਂ ਗੜਵੀ ਡੋਰੀ ਦੀ ਓਟ ਰੱਖੀ ਹੋਈ ਹੈ ਤੇ ਇਨ੍ਹਾਂ ਨਿਮਾਣਿਆਂ ਹਰਨਾਂ ਦੀ ਟੇਕ ਕੇਵਲ ਮੇਰੇ ਉਤੇ ਹੀ ਹੈ। ਮੈਂ ਇਨ੍ਹਾਂ ਲਈ ਸਭ ਕੁਝ ਕਰਦਾ ਹਾਂ।'

ਇਹ ਸੁਣ ਕੇ ਫਰੀਦ ਰੱਬ ਦੇ ਸਿਜਦੇ ਵਿਚ ਝੁਕ ਗਏ।

੪ ਸੇਵਾ

ਫ਼ਰੀਦ ਆਪਣੇ ਮੁਰਸ਼ਦ ਖੁਆਜਾ ਕੁਤਬਦੀਨ ਬਖ਼ਤਿਆਰ ਕਾਕੀ ਦੀ ਸੇਵਾ ਸਦਾ ਤਨ ਮਨ ਲਾ ਕੇ ਕਰਦੇ ਸਨ। ਸਿਆਲੇ ਦੇ ਦਿਨ ਸਨ, ਇਕ ਦਿਨ ਉਨ੍ਹਾਂ ਨੂੰ ਵੁਜ਼ੂ ਕਰਨ ਲਈ ਪਾਣੀ ਗਰਮ ਕਰਕੇ ਦੇਣਾ ਸੀ ਪਰ ਅੱਗ ਕਿਤੋਂ ਨ ਮਿਲੀ। ਫਰੀਦ ਦਿੱਲੀ ਦੇ ਕਈ ਮਹੱਲਿਆਂ ਵਿਚ ਗਏ, ਰਾਤ ਦਾ ਵਕਤ ਹੋਣ ਕਰਕੇ ਕਿਸੇ ਨੂੰ ਆਖ ਵੀ ਨ ਸਕਣ, ਸਭ ਆਪਣੇ ਆਪਣੇ ਘਰਾਂ ਅੰਦਰ ਦਰਵਾਜ਼ੇ ਬੰਦ ਕਰੀ ਬੈਠੇ ਸਨ। ਇਕ ਥਾਂ ਇਕ ਸੁੰਦਰੀ ਨਿਕਲੀ, ਉਸ ਕਿਹਾ, 'ਅੰਦਰ ਆ ਜਾਓ ਪਰ ਫਰੀਦ ਨੇ ਇਨਕਾਰ ਕਰ ਦਿੱਤਾ। ਅੱਗੇ ਚਲੇ ਗਏ ਪਰ ਕਿਤੇ ਅੱਗ ਨ ਮਿਲੀ। ਅਖੀਰ

ਘੁੰਮਦੇ ਘੁਮਾਂਦੇ ਫਿਰ ਉਸੇ ਔਰਤ ਦੇ ਘਰ ਸਾਹਮਣੇ ਆ ਗਏ, ਅੱਗ ਮੰਗੀ। ਉਸ ਨੇ ਮਹਿਸੂਸ ਕੀਤਾ ਕਿ ਸਚਮੁਚ ਹੀ ਇਹ ਕੋਈ ਲੋੜਵੰਦ ਹੈ। ਉਹ ਕਹਿਣ ਲਗੀ 'ਤੂੰ ਆਪਣੀ ਅੱਖ ਕੱਢਕੇ ਦੇ ਜਾ, ਤਾਂ ਤੈਨੂੰ ਇਕ ਚੰਗਿਆੜੀ ਦਿਤੀ ਜਾ ਸਕਦੀ ਹੈ।' ਕਹਿੰਦੇ ਹਨ, ਮੁਰਸ਼ਦ ਦੀ ਸੇਵਾ ਲਈ ਫਰੀਦ ਨੇ ਅੱਖ ਕੱਢਕੇ ਦੇ ਦਿੱਤੀ ਤੇ ਅੱਗ ਲੈ ਆਇਆ। ਅੱਗੇ ਲੱਕੜਾਂ ਨਹੀਂ ਸਨ। ਅਖੀਰ ਜਲਦੀ ਜਲਦੀ ਆਪਣੀ ਮੰਜੀ ਫੂਕ ਕੇ ਪਾਣੀ ਗਰਮ ਕੀਤਾ ਤੇ ਖੁਆਜਾ ਸਾਮ੍ਹਣੇ ਜਾ ਪੇਸ਼ ਕੀਤਾ। ਅੱਖ ਤੇ ਪੱਟੀ ਬੰਨ੍ਹ ਦੇਖ, ਖੁਆਜਾ ਸਾਹਿਬ ਪੁਛਣ ਲਗੇ, ਇਹ ਕੀ ਹੋਇਆ ਹੈ?' ਫਰੀਦ ਨੇ ਸਾਰਾ ਕਿੱਸਾ ਸੁਣਾਇਆ ਤੇ ਆਖਿਆ, 'ਇਕ ਅੱਖ ਕੀ ਆਪ ਦੀ ਖਾਤਿਰ ਹਜ਼ਾਰਾਂ ਅੱਖਾਂ ਕੁਰਬਾਨ ਕੀਤੀਆਂ ਜਾ ਸਕਦੀਆਂ ਹਨ।' ਕਹਿੰਦੇ ਹਨ, ਮੁਰਸ਼ਦ ਦੀ ਮਿਹਰਬਾਨੀ ਨਾਲ ਫਰੀਦ ਦੀ ਅੱਖ ਮੁੜ ਠੀਕ ਹੋ ਗਈ।

੫ ਰੁੱਖਾਂ ਨਾਲ ਹਮਦਰਦੀ

ਕਹਿੰਦੇ ਹਨ, ਜਦ ਫਰੀਦ ਬਾਰਾਂ ਵਰ੍ਹੇ ਜੰਗਲ ਵਿਚ ਤਪੱਸਿਆ ਕਰਨ ਪਿਛੋਂ ਆਇਆ ਤਾਂ ਉਸ ਦਾ ਸਰੀਰ ਸੁੱਕ ਕੇ ਕਰੰਗ ਹੋਇਆ ਪਿਆ ਸੀ, ਚਮੜੀ ਦਾ ਰੰਗ ਕਾਲਾ ਤੇ ਵਾਲ ਰੁੱਖੇ ਰੁੱਖੇ ਦਿਸਦੇ ਸਨ। ਉਸ ਦੀ ਮਾਂ ਨੇ ਕਿਹਾ 'ਆ ਬੇਟਾ! ਮੈਂ ਤੇਰੇ ਸਿਰ ਵਿਚ ਮੱਖਣ ਝੱਸ ਦਿਆਂ।' ਮਾਤਾ ਨੇ ਪ੍ਰੇਮ ਨਾਲ ਤਕੜਾ ਚਿਰ ਸਿਰ ਝੱਸਿਆ, ਫਰੀਦ ਨੂੰ ਨੀਂਦ ਆ ਗਈ। ਤਾਂ ਫਿਰ ਫਰੀਦ ਦੀ ਭਰਜਾਈ ਆਈ ਤੇ ਉਹ ਵੀ ਮਾਲਸ਼ ਕਰਦੀ ਰਹੀ। ਮੱਖਣ ਝੱਸਦਿਆਂ ਉਲਝੇ ਵਾਲਾਂ ਵਿਚੋਂ ਇਕ ਵਾਲ ਟੁੱਟ ਗਿਆ ਤਾਂ ਫਰੀਦ ਨੂੰ ਡਾਢੀ ਪੀੜ ਹੋਈ

ਤੇ ਉਹ ਤ੍ਰਭਕ ਕੇ ਉਠਿਆ ਅਤੇ ਭਰਜਾਈ ਨੂੰ ਗੁੱਸੇ ਹੋਣ ਲਗਾ ਕਿ ਤੈਂ ਮੇਰਾ ਸਿਰ ਦੁਖਾ ਦਿਤਾ ਹੈ।

ਭਰਜਾਈ ਨੇ ਪੁੱਛਿਆ, 'ਜਦ ਤੂੰ ਜੰਗਲ ਵਿਚ ਰਹਿੰਦਾ ਸੈਂ, ਉੱਥੇ ਕੀ ਖਾਇਆ ਕਰਦਾ ਸੈਂ ?' ਫਰੀਦ ਨੇ ਜਵਾਬ ਦਿੱਤਾ 'ਭਾਬੀ! ਮੈਂ ਵਣ ਦੇ ਪੱਤਰ ਤੋੜ ਕੇ ਖਾ ਲੈਂਦਾ ਸਾਂ ਤੇ ਗੁਜ਼ਾਰਾ ਹੋ ਜਾਂਦਾ ਸੀ।' ਭਰਜਾਈ ਨੇ ਮੁੜ ਸਵਾਲ ਕੀਤਾ, 'ਫਰੀਦ! ਜਦ ਤੂੰ ਵਣ ਦੀਆਂ ਟਾਹਣੀਆਂ ਨਾਲੋਂ ਪੱਤੇ ਧੂਹ ਕੇ ਤੋੜਦਾ ਸੈਂ ਤਾਂ ਕੀ ਉਸ ਰੁੱਖ ਨੂੰ ਪੀੜ ਨਹੀਂ ਸੀ ਹੁੰਦੀ? ਤੇ ਉਸ ਦੇ ਸਿਰ ਦਾ ਕੀ ਹਾਲ ਹੁੰਦਾ ਹੋਵੇਗਾ।' ਇਹ ਸੁਣ ਕੇ ਫਰੀਦ ਨੂੰ ਬਹੁਤ ਖੇਦ ਹੋਇਆ ਤੇ ਆਪਣੇ ਵਾਲ ਟੁੱਟਣ ਦੀ ਗੱਲ ਭੁਲ ਕੇ ਮਨ ਹੀ ਮਨ ਵਿਚ ਰੁੱਖਾਂ ਨਾਲ ਹਮਦਰਦੀ ਕਰਨ ਲਗਾ।

੬ ਵੱਡਾ ਕਟੋਰਾ

ਸ਼ੇਖ ਫਰੀਦ ਜੰਗਲ ਵਿਚ ਤਪ ਕਰ ਰਹੇ ਸਨ ਤੇ ਖਾਣ ਪੀਣ ਸਭ ਛੱਡਿਆ ਹੋਇਆ ਸੀ। ਇਕ ਦਿਨ ਬਹੁਤ ਜ਼ੋਰ ਦੀ ਭੁੱਖ ਲਗੀ ਤਾਂ ਉਹ ਭੁਖ ਦੂਰ ਕਰਨ ਲਈ ਪਿੰਡ ਵਿਚ ਆ ਵੜੇ। ਅੱਗੇ ਘੁਮਿਆਰ ਭਾਂਡੇ ਤਿਆਰ ਕਰ ਕਰ ਕੇ ਰੱਖ ਰਿਹਾ ਸੀ। ਆਪ ਨੇ ਉਸ ਨੂੰ ਕਿਹਾ, ਮੈਨੂੰ ਇਕ ਅਜਹਾ ਕਟੋਰਾ ਦੇ, ਜਿਸ ਨਾਲ ਮੇਰੀ ਪੂਰੀ ਤ੍ਰਿਪਤੀ ਹੋ ਜਾਵੇ। ਘੁਮਿਆਰ ਨੇ ਮੰਗ ਅਨੁਸਾਰ ਇਕ ਵੱਡਾ ਪਿਆਲਾ ਦਿਤਾ ਜਿਸ ਵਿਚ ਲਗਭਗ ਦੋ ਸੇਰ ਸਮੱਗਰੀ ਪੈ ਜਾਂਦੀ ਸੀ। ਫਰੀਦ ਜੀ ਨੇ ਉਹ ਪਿਆਲਾ ਲੈ ਲਿਆ ਤੇ ਪਿੰਡ ਵਿਚ ਗਜਾ ਕਰਨਾ ਸ਼ੁਰੂ ਕਰ ਦਿੱਤਾ। ਅਜੇ ਦੋ ਚਾਰ ਘਰ ਲੰਘੇ ਹੀ ਸਨ ਤਾਂ ਅਗੋਂ ਇਕ ਸਿਆਣੀ ਮਾਈ ਮਿਲ ਗਈ। ਉਸ ਨੇ ਫਰੀਦ ਦਾ ਕਾਸਾ

ਦੇਖਕੇ ਕਿਹਾ, ਫਰੀਦ ! ਜਿਤਨਾ ਵੱਡਾ ਤੇਰਾ ਕਾਸਾ ਹੈ, ਜੇ ਤੂੰ ਇਤਨਾ ਅੰਨ ਢਿੱਡ ਵਿਚ ਪਾ ਕੇ ਬੰਦਗੀ ਕਰੇਂਗਾ ਤਾਂ ਬੰਦਗੀ ਨਹੀਂ ਹੋ ਸਕਦੀ, ਸਗੋਂ ਆਦਮੀ ਆਲਸ ਤੇ ਨੀਂਦ ਦਾ ਸ਼ਿਕਾਰ ਹੋ ਜਾਂਦਾ ਹੈ। ਸੋ ਤੈਨੂੰ ਚਾਹੀਦਾ ਹੈ ਕਿ ਤੂੰ ਟੁਕੜਿਆਂ ਦਾ ਯਾਰ ਨ ਬਣ, ਰੱਬ ਦਾ ਯਾਰ ਬਣ।

ਇਸ ਸੁਆਣੀ ਦੀ ਨਸੀਹਤ ਫਰੀਦ ਦੇ ਇਸ ਤਰ੍ਹਾਂ ਦਿਲ ਲਗੀ ਕਿ ਉਹ ਸੋਚਣ ਲਗ ਪਿਆ। ਫਿਰ ਆਖਣ ਲਗਾ, 'ਮਾਈ ! ਤੂੰ ਆਖਦੀ ਤਾਂ ਠੀਕ ਹੈਂ ਪਰ ਕਾਸਾ ਭਰੇ ਬਗੈਰ ਮੇਰੇ ਪੇਟ ਦੀ ਤਸੱਲੀ ਨਹੀਂ ਹੁੰਦੀ।' ਮਾਈ ਨੇ ਫਿਰ ਕਿਹਾ, 'ਇਸ ਨੂੰ ਥੋੜਾ ਥੋੜਾ ਉਤੋਂ ਕੱਟ ਛੱਡ। ਫਰੀਦ ਨੇ ਇਵੇਂ ਹੀ ਕੀਤਾ ਤੇ ਆਪਣਾ ਖਾਣ ਪੀਣ ਘਟਾ ਕੇ ਬੰਦਗੀ ਵਲ ਲਗ ਗਿਆ।

੭ ਖਰਬੂਜ਼ਿਆਂ ਦੇ ਛਿੱਲੜ

ਫਰੀਦ ਜੰਗਲਾਂ ਵਿਚ ਤਪੱਸਿਆ ਕਰਦਾ ਭੁਖਣ-ਭਾਣਾ ਬੜੇ ਔਖੇ ਦਿਨ ਕੱਟ ਰਿਹਾ ਸੀ। ਉਹ ਨਾ ਪਾਣੀ ਪੀਂਦਾ ਤੇ ਨਾ ਹੀ ਕੋਈ ਫਲ ਫੁਲ ਖਾਂਦਾ। ਉਸ ਦਾ ਖਿਆਲ ਸੀ ਕਿ ਸਭ ਵਿਚ ਜਾਨ ਹੈ, ਮੈਂ ਕਿਉਂ ਕਿਸੇ ਨੂੰ ਤੋੜ ਕੇ ਖਾਵਾਂ ਤੇ ਕਿਸੇ ਨੂੰ ਕਿਉਂ ਪੀੜਾ ਪਹੁੰਚਾਵਾਂ। ਉਹ ਸਾਰੇ ਘੁੰਮਦਾ ਫਿਰਿਆ, ਉਸ ਨੂੰ ਅਜੇਹੀ ਕੋਈ ਚੀਜ਼ ਖਾਣ ਨੂੰ ਨਾ ਮਿਲੀ ਜੋ ਜਾਨ ਵਾਲੀ ਨ ਹੋਵੇ। ਅਗੇ ਗਿਆ ਤਾਂ ਇਕ ਖਰਬੂਜ਼ਿਆਂ ਦਾ ਵਾੜਾ ਸੀ ਤੇ ਇਕ ਥਾਂ ਛਿੱਲੜ ਸੁੱਟੇ ਪਏ ਸਨ। ਫਰੀਦ ਨੇ ਇਹ ਸੋਚ ਕੇ, ਇਨ੍ਹਾਂ ਵਿਚ ਤਾਂ ਜਾਨ ਨਹੀਂ, ਇਸ ਲਈ ਇਨ੍ਹਾਂ ਦਾ ਪਾਪ ਨਹੀਂ ਲਗੇਗਾ, ਢਿੱਡ ਦੀ ਅੱਗ ਬੁਝਾਉਣ ਲਈ ਖਰਬੂਜ਼ਿਆਂ ਦੇ ਛਿੱਲੜ ਖਾਣੇ ਸ਼ੁਰੂ ਕਰ ਦਿਤੇ।

ਫਰੀਦ ਤੋਂ ਪਹਿਲਾਂ ਜੋ ਲੋਕ ਚੋਰੀ ਖਰਬੂਜ਼ੇ ਖਾ ਗਏ ਸਨ, ਉਹ ਆਪਣਾ ਚਾਕੂ ਇਥੇ ਭੁਲ ਗਏ ਸਨ, ਇਸ ਕਰ ਕੇ ਉਹ ਚਾਕੂ ਲੱਭਣ ਲਈ ਮੁੜ ਕੇ ਆਏ। ਅਗੇ ਦੇਖਣ ਤਾਂ ਫਰੀਦ ਬੈਠਾ ਛਿੱਲੜ ਖਾ ਰਿਹਾ ਸੀ। ਉਨ੍ਹਾਂ ਕਿਹਾ, 'ਸਾਡਾ ਚਾਕੂ ਦੇ ਦੇ। ਫਰੀਦ ਨੇ ਕਿਹਾ 'ਮੇਰੇ ਪਾਸ ਨਹੀਂ, ਮੈਂ ਨਹੀਂ ਲਿਆ।' ਉਨ੍ਹਾਂ ਸਮਝਿਆ ਕਿ ਇਹ ਝੂਠ ਬੋਲਦਾ ਹੈ, ਇਸ ਕਰ ਕੇ ਉਨ੍ਹਾਂ ਫਰੀਦ ਦੀਆਂ ਮੁਸ਼ਕਾਂ ਬੰਨ੍ਹ ਲਈਆਂ ਤੇ ਮਾਰ ਕੁਟਾਈ ਸ਼ੁਰੂ ਕਰ ਦਿੱਤੀ। ਇਹ ਦੇਖ ਕੇ ਫਰੀਦ ਉੱਚੀ ਉੱਚੀ ਹੱਸਣ ਲਗਾ। ਉਹ ਪੁੱਛਣ ਲਗੇ, 'ਤੂੰ ਹੱਸਦਾ ਕਿਉਂ ਹੈਂ ? ਤਾਂ ਫਰੀਦ ਨੇ ਜਵਾਬ ਦਿੱਤਾ, 'ਮੈਂ ਸੋਚਦਾ ਹਾਂ ਜਿਨ੍ਹਾਂ ਮੇਰੇ ਵਰਗਿਆਂ ਛਿੱਲੜ ਹੀ ਖਾਧੇ, ਉਨ੍ਹਾਂ ਦਾ ਇਹ ਹਾਲ ਹੋਇਆ ਹੈ ਤੇ ਜਿਨ੍ਹਾਂ ਸਚੀਮੁਚੀਂ ਸਾਰੇ ਖਰਬੂਜ਼ੇ ਹੀ ਚੋਰੀ ਖਾਧੇ ਹਨ, ਉਨ੍ਹਾਂ ਦਾ ਕੀ ਬਣੇਗਾ।'

ਜਿਤੈ ਖੁਸ਼ੀਆਂ ਕੀਤੀਆਂ ਤਿਤੈ ਥੀਆ ਰੋਗ
ਛਿਲਹੁੰ ਕਾਰਣਿ ਮਾਰੀਐ, ਖਾਧੈ ਦਾ ਕਿਆ ਹੋਗੁ।

੮ ਖਰਬੂਜ਼ੇ

ਇਕ ਵਾਰ ਫਰੀਦ ਨੂੰ ਭੁਖ ਲਗੀ ਤੇ ਉਹ ਖਰਬੂਜ਼ਿਆਂ ਦੇ ਵਾੜੇ ਵਿਚ ਚਲਾ ਗਿਆ ਤੇ ਰੱਬ ਦੇ ਨਾਂ ਤੇ ਇਕ ਖਰਬੂਜ਼ੇ ਦੀ ਮੰਗ ਕੀਤੀ। ਅਗੋਂ ਰਾਖੇ ਨੇ ਕਿਹਾ, ਜੇ ਮੈਂ ਹਰ ਫਕੀਰ ਨੂੰ ਇਕ ਇਕ ਖਰਬੂਜ਼ਾ ਦੇਵਾਂ ਤਾਂ ਸਾਰਾ ਵਾੜਾ ਉਜੜ ਜਾਏ ਗਾ ਤੇ ਮਾਲਕ ਨਰਾਜ਼ ਹੋਵੇਗਾ, ਮੈਂ ਤਾਂ ਇਕ ਫਾੜੀ ਵੀ ਨਹੀਂ ਦੇ ਸਕਦਾ ! ਤੂੰ ਫਕੀਰਾ ! ਮੇਰੇ ਸਿਰ ਕਿਉਂ ਚੜ੍ਹਿਆ ਹੈਂ? ਇਹ ਸੁਣ ਕੇ ਫਰੀਦ ਕਹਿਣ ਲਗਾ, 'ਮੈਂ ਤੇਰੇ ਸਿਰ ਨਹੀਂ, ਤੇਰੇ ਸਿਰ ਤਾਂ ਖਰਬੂਜ਼ੇ ਚੜ੍ਹੇ ਹੋਏ ਹਨ।' ਇਹ ਕਹਿਕੇ ਉਹ

ਵਾਪਸ ਆ ਗਿਆ ਤੇ ਆਪਣੇ ਮਨ ਵਿਚ ਸੋਚਣ ਲਗਾ, ਇਹ ਫਕੀਰੀ ਕਾਹਦੀ ਹੈ ਕਿ ਕੋਈ ਇਕ ਖਰਬੂਜ਼ਾ ਮੰਗਿਆ ਵੀ ਨਹੀਂ ਦਿੰਦਾ, ਐਸੇ ਮੰਗਣ ਨੂੰ ਲਾਨ੍ਹਤ ਹੈ, ਇਸ ਤੋਂ ਅੱਛਾ ਹੈ ਕਿ ਮੈਂ ਖੁਦ ਜ਼ਿਮੀਦਾਰਾ ਕਰਾਂ।

ਇਸ ਤਰ੍ਹਾਂ ਸੋਚਦਾ ਸੋਚਦਾ ਫਰੀਦ ਦੂਰ, ਦਰਿਆ ਕੰਢੇ ਨਿਕਲ ਆਇਆ ਤੇ ਪਿਛੇ ਵਾੜੇ ਵਿਚ ਸਾਰੇ ਖਰਬੂਜ਼ੇ, ਸਿਰ ਹੀ ਸਿਰ ਬਣ ਗਏ। ਰਾਖਾ ਘਬਰਾਇਆ ਤੇ ਮਾਲਕ ਬਹੁਤ ਪਛਤਾਵਾ ਕਰਨ ਲਗਾ। ਆਖਰ ਮਾਲਕ ਭਾਲਦਾ ਭਾਲਦਾ ਸ਼ੇਖ ਫਰੀਦ ਪਾਸ ਆਇਆ ਤੇ ਬੇਨਤੀ ਕੀਤੀ ਕਿ ਸਾਡੇ ਗੁਨਾਹ ਬਖਸ਼ ਲੈ। ਫਰੀਦ ਕਹਿਣ ਲਗਾ, 'ਜਾ! ਖੁਦਾ ਤੈਨੂੰ ਬਖਸ਼ੇਗਾ, ਜਾ ਕੇ ਤੂੰ ਕਿਸੇ ਇਕ ਸਿਰ ਨੂੰ ਪੁਛ ਵੇਖ।' ਤਾਂ ਮਾਲਕ ਵਾਪਸ ਵਾੜੇ ਵਿਚ ਆ ਗਿਆ। ਉਸ ਸਮੇਂ ਇਕ ਸਿਰ ਵਿਚੋਂ ਆਵਾਜ਼ ਆਈ, 'ਤੂੰ ਸਾਡੇ ਮੱਥੇ ਨਾ ਲਗ। ਜੇ ਤੂੰ ਸਾਨੂੰ ਫਕੀਰ ਦੀ ਭੇਟਾ ਕੀਤਾ ਹੁੰਦਾ ਤਾਂ ਅਸੀਂ ਸਭੇ ਬਖਸ਼ੇ ਜਾਂਦੇ। ਰੱਬ ਦੇ ਪਿਆਰਿਆਂ ਦੇ ਮੂੰਹ ਲਗਣ ਨਾਲ ਸਭ ਦਾ ਜੀਵਨ ਸਫਲਾ ਹੋ ਜਾਂਦਾ।'

ਇਹ ਗ਼ੈਬੀ ਆਵਾਜ਼ ਸੁਣਕੇ ਮਾਲਕ ਬਹੁਤ ਪਛਤਾਇਆ ਤੇ ਉਸ ਨੇ ਸਾਰੇ ਖਰਬੂਜ਼ੇ ਤੋੜਕੇ ਗਰੀਬ ਗੁਰਬਿਆਂ ਵਿਚ ਵੰਡ ਦਿੱਤੇ।

੯ ਕਾਠ ਦੀ ਰੋਟੀ

ਕਹਿੰਦੇ ਹਨ ਕਿ ਜਦੋਂ ਫਰੀਦ, ਜੰਗਲ ਵਿਚ ਤਪ ਕੀਤਾ ਕਰਦੇ ਸਨ ਤਾਂ ਉਹ ਆਪਣੇ ਲੱਕ ਨਾਲ ਇਕ ਕਾਠ ਦੀ ਰੋਟੀ ਬੰਨ੍ਹ ਕੇ ਰੱਖਦੇ ਸਨ। ਜਦ ਕਦੀ ਭੁਖ ਚਮਕਦੀ ਤਾਂ ਉਹ ਕਾਠ ਦੀ ਰੋਟੀ ਨੂੰ ਚੱਕ ਮਾਰ ਲੈਂਦੇ ਤੇ ਮਨ ਨੂੰ ਝੂਠਾ-

ਮੂਠਾ ਧਰਵਾਸ ਦੇ ਛਡਦੇ।

ਜੇ ਕੋਈ ਹੋਰ ਆ ਕੇ ਕਹਿੰਦਾ ਕਿ ਤੁਸੀਂ ਰੋਟੀ ਖਾ ਲਓ ਤਾਂ ਆਪ ਇਹੋ ਆਖਦੇ, 'ਮੈਂ ਰੋਟੀ ਖਾਧੀ ਹੋਈ ਹੈ ਅਤੇ ਲੋੜ ਲਈ ਹੋਰ, ਪੱਲੇ ਵੀ ਬੰਨ੍ਹੀ ਹੋਈ ਹੈ।'

ਫਰੀਦ ਦੀ ਇਹ ਬਿਰਕਤੀ ਤੇ ਇਹ ਤਪੱਸਿਆ ਸਾਰੇ ਦੇਸ਼ ਵਿਚ ਧੁੰਮ ਗਈ, ਉਸ ਦੀ ਘਰ ਘਰ ਚਰਚਾ ਹੋਣ ਲਗੀ।

ਇਕ ਵਾਰ ਸ਼ੇਖ ਫਰੀਦ ਆਪਣੇ ਇਲਾਕੇ ਤੋਂ ਕਿਤੇ ਦੂਰ ਨਿਕਲ ਗਏ ਤਾਂ ਲੋਕਾਂ ਪੁਛਿਆ ਕਿ 'ਕੀ ਤੂੰ ਉਸੇ ਝੂਠੇ ਇਲਾਕੇ ਦਾ ਫਕੀਰ ਹੈਂ ਜਿਥੇ ਫਰੀਦ ਰਹਿੰਦਾ ਹੈ ਤੇ ਜੇ ਕੋਈ ਉਸ ਨੂੰ ਰੋਟੀ ਪੁਛੇ ਤਾਂ ਕੂੜ ਮਾਰ ਛੱਡਦਾ ਹੈ ਕਿ ਮੈਂ ਰੋਟੀ ਖਾਧੀ ਹੋਈ ਹੈ ਤੇ ਪੱਲੇ ਵੀ ਬੱਧੀ ਹੋਈ ਹੈ ?'

ਇਹ ਸੁਣ ਕੇ ਫਰੀਦ ਹੈਰਾਨੀ ਵਿਚ ਪੈ ਗਿਆ ਕਿ ਮੇਰੇ ਕਾਰਣ ਸਾਰੇ ਦੇਸ਼ ਨੂੰ ਝੂਠਾ ਸਮਝਿਆ ਜਾ ਰਿਹਾ ਹੈ, ਇਸ ਲਈ ਉਨ੍ਹਾਂ ਕਾਠ ਦੀ ਰੋਟੀ ਵੀ ਦੂਰ ਵਗਾਹ ਮਾਰੀ।

੧੦ ਬਿਗਾਰ

ਇਕ ਵਾਰ ਫਰੀਦ ਮੁਲਤਾਨ ਤੋਂ ਹਾਂਸੀ ਵਲ ਜਾਂਦੇ ਮਾਲਵੇ ਵਿਚੀਂ ਲੰਘ ਰਹੇ ਸਨ। ਅੱਗੇ ਰਾਜਾ ਮੋਕਲ ਦੇਵ ਆਪਣਾ ਮਹੱਲ ਤਿਆਰ ਕਰਵਾ ਰਿਹਾ ਸੀ ਤੇ ਉਸ ਨੇ ਸੈਂਕੜੇ ਲੋਕ ਬਿਗਾਰ ਵਿਚ ਫੜ ਕੇ ਕੰਮ ਤੇ ਲਾਏ ਹੋਏ ਸਨ। ਕਾਰੰਦਾਰ ਹਾਕਮਾਂ ਨੇ ਫਰੀਦ ਪਰਦੇਸੀ ਨੂੰ ਵੀ ਫੜ ਲਿਆਂਦ੍ਹਾ ਤੇ ਗਾਰਾ ਢੋਣ ਤੇ ਲਾ ਲਿਆ। ਇਹ ਚੁਪ ਕਰਕੇ ਬਿਨਾਂ ਕਿਸੇ ਹੀਲ ਹੁਜਤ ਦੇ ਆਗਿਆ ਅਨੁਸਾਰ ਕੰਮ ਵਿਚ ਜੁੱਟ ਗਏ।

ਜਦ ਫਰੀਦ ਗਾਰੇ ਦੀ ਤਗਾਰੀ ਭਰ ਕੇ ਚੁਕਦੇ ਤੇ ਚਲਦੇ ਤਾਂ ਤਗਾਰੀ ਸਿਰ ਤੋਂ ਗਿੱਠ ਗਿੱਠ ਉਚੀ ਰਹਿੰਦੀ ਤੇ

ਨਾਲ ਨਾਲ ਤੁਰੀ ਜਾਂਦੀ। ਇਸ ਗੱਲ ਦੀ ਲੋਕਾਂ ਵਿਚ ਚਰਚਾ ਹੋਣ ਲਗੀ ਤੇ ਹੁੰਦੀ ਹੁੰਦੀ ਇਹ ਖਬਰ ਰਾਜੇ ਦੇ ਕੰਨਾਂ ਤਕ ਜਾ ਪਹੁੰਚੀ। ਉਸ ਨੇ ਫੌਰਨ ਫਰੀਦ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਇਸ ਅਵੱਗਿਆ ਦੀ ਮਾਫੀ ਮੰਗੀ। ਕਹਿੰਦੇ ਹਨ, ਮਗਰੋਂ ਇਸੇ ਥਾਂ ਆਪ ਦੇ ਨਾਂ ਉਤੇ ਨਗਰ ਦਾ ਨਾਮ 'ਫਰੀਦ ਕੋਟ' ਰੱਖ ਦਿੱਤਾ ਗਿਆ।

੧੧ ਡਰਨਾ

ਫਰੀਦ ਗਰੀਬ ਘਰ ਦਾ ਜੰਮਪਲ ਸੀ, ਇਕ ਦਿਨ ਚਾਰ ਪੰਜ ਹਾਣੀ ਮੁੰਡੇ ਆਏ ਤੇ ਆਖਣ ਲਗੇ, 'ਹੋਰ ਕੋਈ ਰੋਜ਼ਗਾਰ ਨਹੀਂ ਮਿਲਦਾ ਤਾਂ ਅਜ ਕਿਤਿਓਂ ਕੁਝ ਚੋਰੀ ਹੀ ਕਰ ਲਿਆਈਏ।' ਫਰੀਦ ਵੀ ਨਾਲ ਤੁਰ ਪਿਆ, ਅਗੇ ਕਣਕ ਦਾ ਖੇਤ ਸੀ ਤੇ ਉਸ ਵਿਚ ਇਕ ਵੱਡਾ 'ਡਰਨਾ' ਗੱਡਿਆ ਹੋਇਆ ਸੀ। ਸਾਰੇ ਗੱਭਰੂ ਕਣਕ ਵੱਢਦੇ ਰਹੇ ਤੇ ਉਹ ਡਰਨਾ ਖਿੜ ਖਿੜਾ ਕੇ ਹੱਸਦਾ ਰਿਹਾ। ਜਦੋਂ ਮੁੰਡਿਆਂ ਇਸ ਦਾ ਠਹਾਕਾ ਸੁਣਿਆ ਤਾਂ ਇਹ ਡਰ ਕੇ ਭੱਜ ਗਏ।

ਫਰੀਦ ਡਰਨੇ ਦੇ ਨੇੜੇ ਆ ਕੇ ਪੁੱਛਣ ਲਗਾ, 'ਕੀ ਤੂੰ ਕੋਈ ਪੀਰ ਵਲੀ ਹੈਂ ਜਾਂ ਕੁਝ ਹੋਰ, ਇਤਨਾ ਉੱਚੀ ਉੱਚੀ ਕਿਉਂ ਹੱਸ ਰਿਹਾ ਹੈਂ। ਸੱਚ ਸੱਚ ਦੱਸ ਤੂੰ ਕੀ ਹੈਂ ?' ਡਰਨਾ ਬੋਲਿਆ, 'ਮੇਰੀ ਕਹਾਣੀ ਸੁਣ, ਮੈਂ ਸੱਯਦਜ਼ਾਦਾ ਪੰਜ ਨਿਮਾਜ਼ਾਂ ਰੋਜ਼ ਪੜ੍ਹਦਾ ਤੇ ਰੋਜ਼ੇ ਰੱਖਦਾ ਸਾਂ। ਇਕ ਦਿਨ ਮੈਂ ਖੇਤ ਵਿਚੋਂ ਲੰਘ ਰਿਹਾ ਸਾਂ ਤਾਂ ਮੇਰੀ ਖੜਾਂਵ ਵਿਚ ਇਕ ਸਿੱਟਾ ਫਸ ਗਿਆ ਤੇ ਮੈਂ ਘਰ ਆ ਗਿਆ, ਮੈਂ ਉਹ ਸਿੱਟਾ ਮਲ ਕੇ ਦਾਣੇ ਕੱਢ ਲਏ ਤੇ ਚੱਬ ਛੱਡੇ ਤੇ ਬਾਕੀ ਦਾ ਫੂਸ ਫੂਕ ਦਿੱਤਾ। ਜਦੋਂ ਧੁਰ ਦਰਗਾਹ ਵਿਚ ਲੇਖਾ ਹੋਣ ਲਗਾ ਤਾਂ ਫੈਸਲਾ ਹੋਇਆ ਕਿ

ਮੈਂ ਬਦਲਾ ਦੇਣ ਲਈ ਉਸ ਕਿਸਾਨ ਦਾ ਬਲਦ ਬਣਾਂ। ਆਖਰ ਉਮਰ-ਭਰ ਵਾਹੀ ਕਰਦਿਆਂ ਮੇਰਾ ਦਮ ਨਿਕਲ ਗਿਆ। ਫਰਿਸ਼ਤਿਆਂ ਨੇ ਕਿਹਾ, 'ਦਾਣਿਆਂ ਦਾ ਹਿਸਾਬ ਤਾਂ ਮੁਕ ਗਿਆ ਹੈ; ਹੁਣ ਤੂੜੀ ਦਾ ਬਾਕੀ ਰਹਿੰਦਾ ਹੈ, ਇਸ ਲਈ ਮੇਰੇ ਕਰੰਗ ਵਿਚ ਭੋਹ ਭਰ ਕੇ ਮੈਨੂੰ ਡਰਨਾ ਬਣਾਇਆ ਗਿਆ, ਹੁਣ ਮੈਂ ਇਸ ਕਿਸਾਨ ਦੀ ਖੇਤੀ ਦਾ ਪਹਿਰਾ ਦੇ ਰਿਹਾ ਹਾਂ। ਮੈਂ ਸੋਚ ਸੋਚ ਕੇ ਹੱਸਦਾ ਪਿਆ ਰਹਾਂ ਕਿ ਮੈਨੂੰ ਇਕ ਸਿਟੇ ਬਦਲੇ ਇਤਨੇ ਦੁੱਖ ਭਰਨੇ ਪਏ ਹਨ, ਜੋ ਲੋਕ ਨਿਝਕ ਹੋ ਕੇ ਚੋਰੀ ਚੋਰੀ ਭਰੀਆਂ ਵੱਢ ਵੱਢ ਲਿਜਾ ਰਹੇ ਹਨ, ਉਨ੍ਹਾਂ ਦਾ ਕੀ ਹਾਲ ਹੋਵੇਗਾ।'

ਇਹ ਵਾਰਤਾ ਸੁਣ ਕੇ ਮਾਸੂਮ ਦਿਲ ਵਾਲੇ ਫਰੀਦ ਦੇ ਹੱਥੋਂ ਦਾਤੀ ਡਿਗ ਪਈ।

੧੨ ਅੰਨ-ਦਾਤਾ

ਕਹਿੰਦੇ ਹਨ, ਜਦ ਫਰੀਦ ਜੰਗਲ ਵਿਚ ਤਪ ਕਰ ਰਿਹਾ ਸੀ ਤਾਂ ਕਿਸੇ ਕਿਸਾਨ ਨੇ ਉਸ ਜੰਗਲ ਲਾਗੇ ਜੁਆਰ ਬੀਜੀ। ਜਦ ਜੁਆਰ ਵੱਡੀ ਹੋ ਗਈ ਤਾਂ ਉਸ ਨੂੰ ਰਾਖੇ ਦੀ ਲੋੜ ਪਈ। ਫਰੀਦ, ਕਿਸਾਨ ਨੂੰ ਕਹਿਣ ਲਗਾ ਕਿ ਮੈਂ ਰਾਖੀ ਕਰ ਛਡਦਾ ਹਾਂ ਤੂੰ ਮੈਨੂੰ ਮਨ੍ਹੇ ਉੱਤੇ ਚੜ੍ਹਾ ਛੱਡ। ਇਹ ਗੱਲ ਸੁਣਕੇ ਉਹ ਬਹੁਤ ਖੁਸ਼ ਹੋਇਆ। ਉਸ ਨੇ ਕਿਹਾ, ਤੈਨੂੰ ਮੈਂ ਰੋਟੀ ਦੋ ਵੇਲੇ ਪੁਚਾਂਵਾਂਗਾ ਜੇ ਕਿਤੇ ਨ ਆਵਾਂ ਤਾਂ ਤੂੰ ਸਿੱਟੇ ਤੋੜ ਕੇ ਵੀ ਗੁਜ਼ਾਰਾ ਕਰ ਸਕਦਾ ਹੈਂ। ਕਾਫੀ ਅਰਸਾ ਲੰਘ ਗਿਆ, ਕਿਸਾਨ ਨ ਆਇਆ ਤੇ ਫਰੀਦ ਸਿੱਟੇ ਭੋਰ ਭੋਰ ਗੁਜ਼ਾਰਾ ਕਰਦਾ ਰਿਹਾ। ਜਦ ਇਕ ਦਿਨ ਜ਼ਿਮੀਦਾਰ ਆਇਆ ਤਾਂ ਉਸ ਨੇ ਦੇਖਿਆ ਕਿ ਖੇਤ ਦੇ ਕਾਫੀ ਸਿਟੇ ਝਾੜੇ

ਹੋਏ ਹਨ। ਇਸ ਗੱਲ ਤੇ ਉਹ ਬਹੁਤ ਗੁੱਸੇ ਹੋਇਆ ਤੇ ਫਰੀਦ ਉਸ ਦਾ ਰਵਈਆ ਦੇਖ ਕੇ ਆਪਣੇ ਆਪ ਉਥੋਂ ਚਲਾ ਗਿਆ।

ਅੱਗੇ ਦਰਿਆ ਕੰਢੇ ਪੁਜਾ ਤਾਂ ਉਥੇ ਇਕ ਕੱਖਾਂ ਕਾਨ੍ਹਿਆਂ ਦਾ ਮੜ੍ਹਾ (ਤੁਲਹਾ) ਪਿਆ ਸੀ। ਫਰੀਦ ਨੇ ਸੋਚਿਆ ਕਿ ਦੇਖੀਏ ਇਸ ਦੇ ਵਿਚ ਕੀ ਕੁਝ ਹੈ ਤੇ ਸਾਡੀ ਦੇਹੀ ਵਿਚ ਕਿੰਨੀ ਕੁ ਥਾਂ ਹੈ, ਜਿਥੇ ਸਾਰਾ ਖਾਧਾ ਪੀਤਾ ਸਮਾਈ ਜਾਂਦਾ ਹੈ। ਇਹ ਵਿਚਾਰ ਕਰਦਿਆਂ ਉਸ ਆਪਣੀ ਨਿਕੀ ਡੱਬੀ ਨਾਲ ਪਾਣੀ ਪਾ ਪਾ ਉਸ ਨੂੰ ਰਜਾਉਣਾ ਸ਼ੁਰੂ ਕੀਤਾ। ਪਰ ਉਹ ਨਾ ਭਰਿਆ। ਅੰਤ ਕਹਿਣ ਲਗਾ ਮੈਂ ਇਸ ਦੀਆਂ ਮੁਰਦਾ ਤੇ ਸੁੱਕੀਆਂ ਸੜੀਆਂ ਆਂਦਰਾਂ ਨੂੰ ਭਰ ਨਹੀਂ ਸਕਿਆ, ਰੱਬ ਮੇਰੀਆਂ ਜੀਉਂਦੀਆਂ-ਜਾਗਦੀਆਂ ਆਂਦਰਾਂ ਨੂੰ ਕਿਵੇਂ ਚਿਰਾਂ ਤੋਂ ਅੰਨ ਪਾਣੀ ਨਾਲ ਤ੍ਰਿਪਤ ਕਰਦਾ ਆ ਰਿਹਾ ਹੈ। ਇਹ ਸੋਚਕੇ ਉਹ ਸਬਰ ਸ਼ੁਕਰ ਧਾਰਦਾ ਹੋਇਆ ਅੱਲਾਹ ਦੀ ਬੰਦਗੀ ਵਿਚ ਲੀਨ ਹੋ ਗਿਆ।

੧੩ ਜ਼ਿਮੀਨ ਦੀ ਮਾਲਕੀ

ਪਾਕਪਟਨ ਜਿਸ ਥਾਂ ਤੇ ਫਰੀਦ ਰਿਹਾਇਸ਼ ਰਖਦੇ ਸਨ, ਉਸ ਜ਼ਿਮੀਨ ਬਾਰੇ ਕਿਸੇ ਹੋਰ ਨੇ ਆ ਦਾਅਵਾ ਕੀਤਾ ਕਿ ਇਹ ਮੇਰੀ ਮਲਕੀਅਤ ਹੈ, ਇਹ ਫਕੀਰ ਐਵੇਂ ਕਬਜ਼ਾ ਕਰੀ ਬੈਠਾ ਹੈ। ਹਾਕਮ ਨੇ ਸ਼ੇਖ ਫਰੀਦ ਨੂੰ ਸੰਮਣ ਭੇਜਿਆ ਕਿ ਆਪਣਾ ਬੈਨਾਮਾ ਪੇਸ਼ ਕਰੋ ਯਾ ਫਿਰ ਕੋਈ ਹੋਰ ਗਵਾਹੀ ਲਿਆਓ ਤਾਂ ਕਿ ਮਾਲਕੀ ਦਾ ਨਿਰਣਾ ਕਰ ਸਕੀਏ। ਫਰੀਦ ਜੀ ਨੇ ਕਿਹਾ, 'ਮੇਰੇ ਪਾਸ ਨ ਕੋਈ ਪਟਾ ਹੈ ਤੇ ਨਾ ਹੀ ਗਵਾਹੀ।' ਫਿਰ ਹਾਕਮ ਨੇ ਸੰਨੇਹਾ ਭਿਜਵਾਇਆ ਕਿ ਆਪ ਹਾਜ਼ਰ ਹੋ ਕੇ ਸਾਰੀ ਗੱਲ ਦੱਸੋ ਯਾ ਆਪਣਾ ਵਕੀਲ ਭੇਜੋ।

ਸ਼ੇਖ ਫਰੀਦ ਨੇ ਕਿਹਾ, 'ਮੇਰੇ ਪਾਸੋਂ ਯਾ ਵਕੀਲ ਪਾਸੋਂ ਕੀ ਪੁਛਦੇ ਹੋ, ਜ਼ਿਮੀਨ ਨੂੰ ਹੀ ਪੁਛ ਲਵੋ, ਸਚਾਈ ਨਿਤਰ ਆਵੇਗੀ।'

ਸਾਰੇ ਪਿੰਡ ਦੇ ਲੋਕ ਇਕੱਠੇ ਹੋ ਗਏ, ਹਾਕਮ ਵੀ ਆ ਗਿਆ। ਉਸ ਨੇ ਪੜਤਾਲ ਕਰਨੀ ਸ਼ੁਰੂ ਕੀਤੀ। ਤਾਂ ਇਕ ਫਰੀਦ ਦਾ ਚੇਲਾ ਇਵੇਂ ਵਿਚੋਂ ਬੋਲਿਆ 'ਹੇ ਧਰਤੀ! ਤੂੰ ਸੱਚ ਸੱਚ ਦਸ, ਤੇਰਾ ਅਸਲ ਮਾਲਕ ਕੌਣ ਹੈ ? ਧਰਤੀ ਨੇ ਜਵਾਬ ਦਿਤਾ, 'ਕਮਲਿਓ ! ਮੈਥੋਂ ਕੀ ਪੁਛਦੇ ਹੋ, ਮੈਂ ਤਾਂ ਫੱਕਰਾਂ ਦੀ ਸੇਵਾ ਲਈ ਹਾਂ। ਜੇ ਸੱਚ ਪੁਛੋ ਤਾਂ ਸਾਰੀ ਜ਼ਿਮੀਨ ਹੀ ਫਕੀਰਾਂ ਦੀ ਮਲਕੀਅਤ ਹੈ।'

੧੪ ਸੁਦਾਗਰ

ਇਕ ਵਾਰ ਕੋਈ ਸੁਦਾਗਰ ਊਠਾਂ ਤੇ ਸ਼ੱਕਰ ਲੱਦੀ ਜਾ ਰਿਹਾ ਸੀ, ਰਾਹ ਵਿਚ ਫਰੀਦ ਮਿਲ ਗਏ, ਉਨ੍ਹਾਂ ਪੁਛਿਆ, ਭਾਈ ! ਇਸ ਵਿਚ ਕੀ ਹੈ ? ਤਾਂ ਉਸ ਨੇ ਕਿਹਾ, 'ਜੀ ਲੂਣ ਹੈ।' ਫਰੀਦ ਨੇ ਕਿਹਾ, 'ਅੱਛਾ ਲੂਣ ਕੀ ਹੋਵੇਗਾ।' ਜਦ ਸੁਦਾਗਰ ਨੇ ਮੰਡੀ ਵਿਚ ਬੋਝੇ ਉਤਾਰੇ ਤਾਂ ਲੂਣ ਨਿਕਲਿਆ ਤਾਂ ਉਹ ਦੌੜਿਆ ਦੌੜਿਆ ਫਰੀਦ ਜੀ ਪਾਸ ਆਇਆ। ਉਸ ਨੇ ਮਾਫੀ ਮੰਗਦਿਆਂ ਕਿਹਾ, 'ਮੈਂ ਤੁਹਾਨੂੰ ਸੱਚ ਨਹੀਂ ਸੀ ਦੱਸਿਆ, ਉਹ ਤਾਂ ਸ਼ੱਕਰ ਸੀ,' ਬਾਬਾ ਫਰੀਦ ਹੱਸਕੇ ਕਹਿਣ ਲਗੇ ਤਾਂ ਸ਼ੱਕਰ ਹੀ ਹੋਵੇਗੀ। ਉਹ ਮੁੜ ਸ਼ੱਕਰ ਹੋ ਗਈ। ਇਹ ਕੌਤਕ ਤੱਕਕੇ ਸੁਦਾਗਰ ਚਰਨੀਂ ਪੈ ਗਿਆ।

੧੫ ਗਊ ਦਾ ਦੁੱਧ

ਇਕ ਵਾਰ ਬਾਬਾ ਫਰੀਦ ਘੁੰਮਦਾ ਫਿਰਦਾ ਜੰਗਲ ਤੋਂ ਵਸਤੀ ਵਿਚ ਆ ਗਿਆ ਤੇ ਇਕ ਟੋਭੇ ਕੰਢੇ ਬਹਿ ਗਿਆ।

ਕਿਸੇ ਨੇ ਕੋਈ ਪੁਛ ਨਾ ਕੀਤੀ ਤੇ ਨਾ ਹੀ ਆਉ ਭਗਤ ਕੀਤੀ। ਪਿੰਡ ਦੇ ਬੱਚੇ ਵੀ ਫਰੀਦ ਨੂੰ ਅਜਨਬੀ ਸਮਝ ਕੇ ਹਾਸਾ ਠੱਠਾ ਕਰ ਰਹੇ ਸਨ। ਇਤਨੇ ਨੂੰ ਇਕ ਮਾਈ ਜਿਸ ਦੀ ਗਾਂ ਬੀਮਾਰ ਸੀ, ਗਊ ਦੇ ਥਣਾਂ ਵਿਚੋਂ ਦੁਧ ਦੀ ਥਾਂ ਲਹੂ ਵਗ ਰਿਹਾ ਸੀ।

ਮਾਈ ਨੇ ਗੁੜ ਦੀ ਰੋੜੀ ਭੇਟ ਕਰਕੇ ਬੇਨਤੀ ਕੀਤੀ, 'ਮਹਾਰਾਜ ! ਮੇਰੇ ਤੇ ਕ੍ਰਿਪਾ ਕਰੋ, ਮੇਰੀ ਗਊ ਰਾਜ਼ੀ ਕਰ ਦਿਓ।' ਬਾਬਾ ਫਰੀਦ ਨੇ ਆਖਿਆ, ਤੂੰ ਦਿਲ ਨ ਹਾਰ, ਖ਼ੁਦਾ ਉਤੇ ਭਰੋਸਾ ਰੱਖ, ਉਹ ਲਹੂ ਦੀ ਥਾਂ ਦੁਧ ਦੀਆਂ ਧਾਰਾਂ ਵਗਾਏਗਾ ਤੇ ਤੇਰੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ।' ਫਿਰ ਫਰੀਦ ਨੇ ਪੁਛ ਕੀਤੀ ਕਿ ਇਹ ਤੇਰੀ ਗਊ ਕਿੰਨਾ ਦੁਧ ਦਿੰਦੀ ਸੀ। ਉਸ ਨੇ ਕਿਹਾ, 'ਚਾਰ ਪੰਜ ਸੇਰ।' ਫਰੀਦ ਪ੍ਰਸੰਨ ਹੋਕੇ ਆਖਣ ਲਗੇ, ਇਹ ਪੰਜ ਸੇਰ ਨਹੀਂ, ਹੁਣ ਦਸ ਸੇਰ ਦੁਧ ਦੇਵੇਗੀ।' ਇਹ ਸੁਣਕੇ ਮਾਈ ਬਹੁਤ ਪ੍ਰਸੰਨ ਹੋਈ ਤੇ ਉਸ ਘਰ ਜਾ ਕੇ ਜਦੋਂ ਗਊ ਨੂੰ ਦੇਖਿਆ ਤਾਂ ਉਹ ਰਾਜ਼ੀ ਬਾਜੀ ਸੀ ਤੇ ਉਸ ਨੇ ਸਚਮੁਚ ਦਸ ਸੇਰ ਦੁਧ ਦਿਤਾ। ਇਸ ਗੱਲ ਦੀ ਪਿੰਡ ਵਿਚ ਬੜੀ ਚਰਚਾ ਹੋਈ ਤੇ ਸਾਰੇ ਇਲਾਕੇ ਵਿਚ ਫਰੀਦ ਜੀ ਦੀ ਮਾਨਤਾ ਹੋਣ ਲਗੀ।

੧੬ ਕਰਜ਼ੇ ਦਾ ਭਾਰ

ਬਾਬਾ ਫਰੀਦ ਦਾ ਲੰਗਰ ਕਿਰਤ ਕਮਾਈ ਆਸਰੇ ਚਲਦਾ ਸੀ ਤੇ ਇਹ ਸਾਰੇ ਫਕੀਰਾਂ ਲਈ ਇਕੋ ਜੇਹਾ ਬਣਦਾ ਸੀ। ਬਿਲਕੁਲ ਸਿਧਾ ਸਾਦਾ। ਇਸ ਲੰਗਰ ਲਈ ਬਦਰੁੱਦੀਨ ਇਸਹਾਕ ਜੰਗਲ ਵਿਚੋਂ ਲੱਕੜਾਂ ਕੱਟਦਾ ਤੇ ਜਮਾਲੁਦੀਨ ਸਾਗ ਪਾਤ ਤੇ ਕੰਦਮੂਲ ਚੁਣਕੇ ਲਿਆਉਂਦਾ ਸੀ।

ਹਸਾਮੁਦੀਨ ਪਾਣੀ ਭਰਦਾ ਤੇ ਵਰਤਨ ਮਾਂਜਣ ਦੀ ਸੇਵਾ ਕਰਦਾ ਸੀ। ਰਸੋਈ ਪਕਾਉਣ ਦਾ ਸਾਰਾ ਕੰਮ ਨਿਜ਼ਾਮੁਦੀਨ ਦੇ ਜ਼ਿੰਮੇ ਸੀ। ਸਾਰੇ ਹੀ ਚੇਲੇ ਆਪਣਾ ਆਪਣਾ ਫ਼ਰਜ਼ ਬੜੀ ਲਗਨ ਤੇ ਸ਼ਰਧਾ ਨਾਲ ਨਿਭਾਉਂਦੇ ਸਨ।

ਇਕ ਦਿਨ ਰਸੋਈ ਵਿਚੋਂ ਲੂਣ ਮੁੱਕ ਗਿਆ, ਪੈਸੇ ਕੋਲ ਨਹੀਂ ਸਨ, ਇਸ ਕਰ ਕੇ ਲਾਗੇ ਦੀ ਬਾਣੀਏ ਦੀ ਦੁਕਾਨ ਤੋਂ ਉਧਾਰਾ ਲੂਣ ਲਿਆ ਕੇ ਕੰਮ ਸਾਰਿਆ ਗਿਆ।

ਜਦ ਸਾਰੇ ਰੋਟੀ ਖਾਣ ਲਗੇ ਤਾਂ ਬਾਬਾ ਫਰੀਦ ਨੇ ਇਕ ਬੁਰਕੀ ਪਾ ਕੇ ਦਾਲ ਰੋਟੀ ਉਥੇ ਹੀ ਛੱਡ ਦਿੱਤੀ। ਨਿਜ਼ਾਮੁਦੀਨ ਨੇ ਪੁਛਿਆ, 'ਮਹਾਰਾਜ! ਕੀ ਗੱਲ ਹੈ। 'ਭਾਈ ! ਇਹ ਬੁਰਕੀ ਭਾਰੀ ਭਾਰੀ ਲਗਦੀ ਹੈ, ਮੈਨੂੰ ਕੁਝ ਚੰਗੀ ਨਹੀਂ ਲਗੀ।' ਫਿਰ ਫਰੀਦ ਪੁਛਣ ਲੱਗੇ, 'ਲੂਣ ਕਿਥੋਂ ਲਿਆਂਦਾ ਸੀ ? ਤਾਂ ਨਿਜ਼ਾਮੁਦੀਨ ਨੇ ਦੱਸਿਆ, 'ਇਹ ਇਸ ਬਾਣੀਏ ਤੋਂ ਉਧਾਰ ਲਿਆਂਦਾ ਸੀ ਕਿਉਂਕਿ ਪੈਸਾ ਕੋਲ ਕੋਈ ਨਹੀਂ ਸੀ।' ਬਾਬਾ ਫਰੀਦ ਕਹਿਣ ਲਗੇ - 'ਸੁਆਦ ਲਈ ਉਧਾਰਾ ਲੂਣ ਲੈਣ ਨਾਲੋਂ ਫਕੀਰ ਦਾ ਫਾਕੇ ਨਾਲ ਮਰਨਾ ਚੰਗਾ ਹੈ। ਕਦੀ ਕਰਜ਼ੇ ਦਾ ਬੋਝ ਨਾ ਉਠਾਓ ਕਿਉਂਕਿ ਕਰਜ਼ੇ ਅਤੇ ਤਵੱਕਲ (ਰੱਬੀ ਭਰੋਸੇ) ਦੇ ਦਰਮਿਆਨ ਧਰਤੀ ਅਸਮਾਨ ਦਾ ਫਰਕ ਹੈ।'

੧੭ ਲੀਰਾਂ ਵਿਚ ਲਾਲ

ਕਿਸੇ ਜ਼ਮਾਨੇ ਹਾਂਸੀ ਸ਼ਾਹੀ ਲਸ਼ਕਰ ਦੀ ਛਾਉਣੀ ਸੀ ਤੇ ਸ਼ੇਖ ਫਰੀਦ ਇਥੇ ਤਪ ਕਰਿਆ ਕਰਦੇ ਸਨ। ਇਸ ਏਕਾਂਤ ਵਾਲੀ ਥਾਂ ਵਿਚ ਉਨ੍ਹਾਂ ਕਾਫੀ ਚਿਰ ਨਿਵਾਸ ਕੀਤਾ ਪਰ ਉਹ ਲੋਕਾਂ ਦੀ ਸ਼ੁਹਰਤ ਤੋਂ ਸਦਾ ਬਚ ਬਚ ਕੇ ਤੇ ਲੁਕ

ਛਿਪਕੇ ਰਹਿੰਦੇ।

ਇਕ ਵਾਰ ਪ੍ਰਸਿੱਧ ਸੂਫ਼ੀ, ਮੋਲਾਨਾ ਨੂਰ ਤੁਰਕ, ਹਾਂਸੀ ਆਏ ਤੇ ਉਨ੍ਹਾਂ ਮਸੀਤ ਵਿਚ ਭਾਸ਼ਨ ਕੀਤਾ, ਉਹ ਵਖਿਆਨ ਦੇ ਹੀ ਰਹੇ ਸਨ, ਇਤਨੇ ਨੂੰ ਸ਼ੇਖ ਫਰੀਦ ਵੀ ਆਪਣੀ ਪਾਟੀ ਪੁਰਾਣੀ ਗੋਦੜੀ ਪਹਿਨੀਂ ਸਭਾ ਵਿਚ ਆ ਗਏ ਤੇ ਚੁਪ ਕਰਕੇ ਪਿਛੇ ਬੈਠ ਗਏ। ਮੌਲਾਨਾ ਨੂਰ ਭਾਵੇਂ ਫਰੀਦ ਜੀ ਨੂੰ ਪਹਿਲਾਂ ਜਾਣਦੇ ਨਹੀਂ ਸਨ ਪਰ ਉਨ੍ਹਾਂ ਦਾ ਨੂਰਾਨੀ ਚੇਹਰਾ ਦੇਖਕੇ ਉਚੀ ਉਚੀ ਪੁਕਾਰ ਉਠੇ -

'ਮੁਸਲਮਾਨ ਭਰਾਵੋ! ਰਮਜ਼ਾਂ ਦਾ ਭੇਤੀ ਜੌਹਰੀ ਆ ਗਿਆ ਹੈ, ਇਹ ਕੋਈ ਲੀਰਾਂ ਵਿਚ ਛੁਪਿਆ ਲਾਲ ਹੈ, ਇਸ ਦੇ ਦਰਸ਼ਨ ਕਰੋ।'

ਫਰੀਦ ਜੀ ਇਹ ਸੁਣਕੇ ਚੁਪ-ਚੁਪਾਤੇ ਭੀੜ ਵਿਚੋਂ ਅਛੋਪਲੇ ਨਿਕਲ ਗਏ ਤਾਂ ਕਿ ਪ੍ਰਭੁਤਾ ਦਾ ਜਾਲ ਉਨ੍ਹਾਂ ਨੂੰ ਕਿਸ ਬੰਧਨ ਵਿਚ ਨਾ ਬੰਨ੍ਹੇ।

੧੮ ਫਰਿਆਦ

ਕਹਿੰਦੇ ਹਨ ਕਿ ਅਜੋਧਨ (ਪਾਕਪਟਨ) ਦਾ ਆਮਿਲ (ਕਾਰਦਾਰ) ਆਪਣੇ ਮੁਨਸ਼ੀ ਨੂੰ ਬਹੁਤ ਤੰਗ ਕਰਦਾ ਸੀ। ਉਸ ਨੇ ਦੁਖੀ ਹੋ ਕੇ ਸ਼ੇਖ ਫਰੀਦ ਜੀ ਪਾਸ ਆਪਣੀ ਵਿੱਥਿਆ ਸੁਣਾਈ ਤੇ ਉਨ੍ਹਾਂ ਬੜੀ ਹਮਦਰਦੀ ਨਾਲ ਸਾਰੀ ਗੱਲ ਸੁਣੀ। ਗੱਲ ਸੁਣ ਕੇ ਫਰੀਦ ਜੀ ਨੇ ਕਾਰਦਾਰ ਨੂੰ ਇਹ ਸੰਨੇਹਾ ਭਿਜਵਾਇਆ :-

'ਫਰੀਦ ਤੇ ਅਹਿਸਾਨ ਕਰੋ,
ਉਸ ਬੇਚਾਰੇ ਗਰੀਬ ਨੂੰ ਤਕਲੀਫ਼ ਨ ਹੋਵੇ।'

ਲੇਕਿਨ ਕਾਰਦਾਰ ਇਹ ਸਿਫਾਰਸ਼ ਸੁਣ ਕੇ ਬਹੁਤ

ਔਖਾ ਹੋਇਆ ਤੇ ਉਲਟਾ ਮੁਨਸ਼ੀ ਨੂੰ ਹੋਰ ਵਧੇਰੇ ਤੰਗ ਕਰਨ ਲਗਾ। ਅਤਿਅੰਤ ਦੁਖੀ ਹੋ ਕੇ ਮੁਨਸ਼ੀ ਫਿਰ ਫਰੀਦ ਸਾਹਿਬ ਪਾਸ ਫਰਿਆਈ ਹੋਇਆ। ਫਰੀਦ ਕਹਿਣ ਲਗੇ, 'ਇਉਂ ਮਾਲੂਮ ਹੁੰਦਾ ਹੈ ਜਿਵੇਂ ਤੁਸੀਂ ਕਦੀ ਕਿਸੇ ਮਜ਼ਲੂਮ ਦੀ ਪੁਕਾਰ ਨਹੀਂ ਸੁਣੀ ਤੇ ਤੁਹਾਡੀ ਫਰਿਆਦ ਵੀ ਨਹੀਂ ਸੁਣੀ ਗਈ।' ਇਹ ਸੁਣ ਕੇ ਮੁਨਸ਼ੀ ਨੇ ਤੋਬਾ ਕੀਤੀ ਤੇ ਅਗੋਂ ਤੋਂ ਹਰ ਦੁਖੀਏ ਦਾ ਦੁਖ ਸੁਨਣ ਤੇ ਮੱਦਦ ਕਰਨ ਦਾ ਪ੍ਰਣ ਕੀਤਾ। ਰੱਬ ਦੀ ਮਰਜ਼ੀ, ਕੁਝ ਦਿਨਾਂ ਬਾਦ ਹੀ ਆਮਿਲ ਦਾ ਰਵਈਆ ਆਪਣੇ ਆਪ ਬਦਲ ਗਿਆ ਤੇ ਉਹ ਹਰ ਨੌਕਰ ਚਾਕਰ ਨੂੰ ਖੁਸ਼ ਰੱਖਣ ਲਗਾ।

੧੯ ਅਸਲ ਕਰਤਾ

ਇਕ ਵਾਰ ਕੋਈ ਗਰੀਬ ਲੋੜਵੰਦ ਆ ਕੇ ਕਹਿਣ ਲਗਾ ਕਿ ਬਾਬਾ ਜੀ! ਮੈਨੂੰ ਇਕ ਚਿਠੀ ਲਿਖ ਦਿਓ ਜੋ ਮੈਂ ਬਾਦਸ਼ਾਹ ਗਿਆਸੁਦੀਨ ਬਲਬਨ ਪਾਸ ਦਿਲੀ ਲੈ ਜਾਵਾਂ ਤੇ ਉਹ ਮੇਰੀ ਮਾਲੀ ਇਮਦਾਦ ਕਰਕੇ ਮੇਰਾ ਸੰਕਟ ਦੂਰ ਕਰ ਦੇਵੇਗਾ। ਬਾਬਾ ਫਰੀਦ ਨੇ ਉਸ ਦੀ ਹਾਲਤ ਤੱਕੀ ਤੇ ਰੁੱਕਾ ਲਿਖ ਦਿੱਤਾ, ਜਿਸ ਵਿਚ ਦਰਜ ਸੀ :-

'ਮੈਂ ਇਸ ਬੰਦੇ ਦਾ ਮਾਮਲਾ ਪਹਿਲਾਂ ਰੱਬ ਅਤੇ ਫਿਰ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ। ਜੇ ਤੁਸੀਂ ਇਸ ਨੂੰ ਕੁਝ ਦੇ ਸਕੇ ਤਾਂ ਇਹ ਸਮਝਣਾ ਕਿ ਦੇਣ ਵਾਲਾ ਅਸਲ ਅੱਲ੍ਹਾ ਹੀ ਹੈ, ਅਸੀਂ ਕੁਝ ਵੀ ਨਹੀਂ। ਜੇ ਤੁਸੀਂ ਕੁਝ ਵੀ ਇਮਦਾਦ ਨ ਕਰ ਸਕੇ ਤਾਂ ਸਮਝਣਾ ਕਿ ਅਸੀਂ ਇਨਸਾਨ ਸਚਮੁਚ ਕਾਸੇ ਜੋਗੇ ਨਹੀਂ। ਅਸਲ ਕਰਨ ਕਰਾਵਨਹਾਰ ਉਹੋ ਹੈ।'

੨੦ ਤਿਆਗ

ਇਕ ਵਾਰ ਸੁਲਤਾਨ ਨਾਸਰੁਦੀਨ ਮਹਿਮੂਦ ਮੁਲਤਾਨ ਵਲ ਆਇਆ ਤੇ ਬਾਬਾ ਫਰੀਦ ਦੀ ਸ਼ੋਭਾ ਸੁਣ ਕੇ ਉਸ ਨੇ ਆਪਣੇ ਨਾਇਬ ਅਲਗ ਖਾਂ ਹੱਥ (ਜੋ ਪਿਛੋਂ ਗਿਆਸੁਦੀਨ ਬਲਬਨ ਕਰ ਕੇ ਮਸ਼ਹੂਰ ਹੋਇਆ) ਕੁਝ ਨਕਦ ਰਕਮ ਤੇ ਚਾਰ ਪਿੰਡਾਂ ਦਾ ਪਟਾ ਭੇਜਿਆ।

ਫਰੀਦ ਜੀ ਨੇ ਪੁਛਿਆ, 'ਇਹ ਕੀ ਹੈ, ਕਿਸ ਲਈ ਲਿਆਏ ਹੋ।' ਉਸ ਹੱਥ ਬੰਨ੍ਹ ਕੇ ਬੇਨਤੀ ਕੀਤੀ 'ਮਹਾਰਾਜ! ਇਹ ਬਾਦਸ਼ਾਹ ਸਲਾਮਤ ਨੇ ਫ਼ਕੀਰਾਂ ਦੀ ਸੇਵਾ ਲਈ ਕੁਝ ਰਕਮ ਤੇ ਸਮੱਗਰੀ ਭੇਜੀ ਹੈ ਤੇ ਇਹ ਪਿੰਡਾਂ ਦਾ ਪਟਾ ਆਪ ਦੀ ਖਾਤਰ ਹੈ। ਬਾਬਾ ਫਰੀਦ ਜੀ ਨੇ ਰਕਮ ਤੇ ਸਮੱਗਰੀ ਤਾਂ ਲੈ ਕੇ ਉਸੇ ਸਮੇਂ ਦਰਵੇਸ਼ਾਂ ਵਿਚ ਵੰਡ ਦਿੱਤੀ ਤੇ ਪਟਾ ਮੋੜ ਕੇ ਆਖਿਆ, 'ਇਹ ਕਿਸੇ ਹੋਰ ਲੋੜਵੰਦ ਨੂੰ ਦੇ ਦਿੱਤਾ ਜਾਵੇ।'

ਇਸੇ ਤਰ੍ਹਾਂ ਇਕ ਵਾਰ ਅਜੋਧਨ ਦੇ ਹਾਕਮ ਨੇ ਵੀ ਆਪ ਨੂੰ ਕੁਝ ਦੌਲਤ ਤੇ ਜਾਗੀਰ ਦੇਣੀ ਚਾਹੀ ਪਰ ਆਪ ਨੇ ਇਹ ਕਹਿ ਕੇ ਮੋੜ ਦਿੱਤੀ, 'ਮੈਂ ਇਹ ਧਨ ਮਾਲ ਲੈ ਕੇ ਦਰਵੇਸ਼ਾਂ ਵਿਚ ਕੀ ਮੂੰਹ ਵਿਖਾਵਾਂਗਾ।'

੨੧ ਆਜ਼ਾਦੀ

ਇਕ ਵਾਰ ਸ਼ੇਖ ਸ਼ਰਫ਼ੁਦੀਨ, ਨਾਗੌਰ ਤੋਂ ਬਾਬਾ ਫਰੀਦ ਦੇ ਦਰਸ਼ਨਾਂ ਲਈ ਤਿਆਰ ਹੋਇਆ। ਜਦੋਂ ਉਹ ਘਰੋਂ ਤੁਰਿਆ ਤਾਂ ਉਸ ਦੀ ਗੋਲੀ ਨੇ ਆਖਿਆ, 'ਇਹ ਦਸਤਾਰ ਮੇਰੇ ਵਲੋਂ ਬਾਬਾ ਜੀ ਨੂੰ ਭੇਟ ਕਰ ਦੇਣਾ।' ਸ਼ੇਖ ਸਾਹਿਬ ਨੇ ਆ ਕੇ ਸਾਰੀ ਗੱਲ ਦਸੀ ਤੇ ਬਾਂਦੀ ਵਲੋਂ ਦਸਤਾਰ ਅਰਪਣ

ਕੀਤੀ। ਬਾਬਾ ਫਰੀਦ ਆਖਣ ਲਗੇ, 'ਖੁਦਾ ਉਸ ਨੂੰ ਆਜ਼ਾਦੀ ਬਖਸ਼ੇ ਕਿਉਂਕਿ ਆਜ਼ਾਦੀ ਵਰਗੀ ਕੋਈ ਚੀਜ਼ ਨਹੀਂ।'

ਜਦੋਂ ਇਹ ਵਰਦਾਨ ਸੁਣਕੇ ਸ਼ੇਖ ਸ਼ਰਫ ਆਪਣੇ ਘਰ ਮੁੜਿਆ ਆ ਰਿਹਾ ਸੀ ਤਾਂ ਉਸ ਨੇ ਸੋਚਿਆ ਕਿ ਇਸ ਗੋਲੀ ਨੇ ਬਾਬਾ ਜੀ ਦੇ ਬਚਨ ਨਾਲ ਆਜ਼ਾਦ ਤਾਂ ਹੋ ਹੀ ਜਾਣਾ ਹੈ ਕਿਉਂ ਨ ਇਸ ਦਾ ਮੁੱਲ ਵੱਟ ਲਿਆ ਜਾਵੇ। ਫਿਰ ਖਿਆਲ ਕਰਨ ਲਗਾ ਕਿ ਜੇ ਇਹ ਦੂਜੇ ਦੇ ਕਬਜ਼ੇ ਵਿਚ ਜਾ ਕੇ ਆਜ਼ਾਦ ਹੋਈ ਤਾਂ ਇਸ ਨੇਕੀ ਦਾ ਪੁੰਨ ਵੀ ਉਸੇ ਨੂੰ ਹੀ ਮਿਲੇ ਗਾ, ਮੈਨੂੰ ਨਹੀਂ। ਇਹ ਸੋਚ ਕੇ ਆਉਂਦਿਆਂ ਹੀ ਇਕ ਦਮ ਉਸ ਗੋਲੀ ਨੂੰ ਆਜ਼ਾਦ ਕਰ ਦਿੱਤਾ।

੨੨ ਮੋਹਰਾਂ ਦੀ ਚੋਰੀ

ਇਕ ਵਾਰ ਸ਼ੇਖ ਫਰੀਦ ਦਾ ਇਕ ਸ਼ਰਧਾਲੂ ਸ਼ਹਾਬੁੱਦੀਨ, ਲਾਹੌਰ ਤੋਂ ਦਰਸ਼ਨਾਂ ਲਈ ਆਇਆ। ਉਸ ਨੇ ਮੱਥਾ ਟੇਕਣ ਤੋਂ ਬਾਦ ਪੰਜਾਹ ਮੋਹਰਾਂ ਭੇਟਾ ਕਰ ਕੇ ਕਿਹਾ, ਇਹ ਹਾਕਮ ਲਾਹੌਰ ਨੇ ਆਪ ਵਲ ਭੇਜੀਆਂ ਹਨ। ਬਾਬਾ ਫ਼ਰੀਦ ਜੀ ਮੁਸਕ੍ਰਾ ਕੇ ਆਖਣ ਲਗੇ, 'ਤੂੰ ਬੜੀ ਨਿਆਂ ਦੀ ਗੱਲ ਕੀਤੀ, ਅੱਧੀਆਂ ਮੋਹਰਾਂ ਆਪਣੇ ਲਈ ਰੱਖ ਲਈਆਂ ਤੇ ਅੱਧੀਆਂ ਸਾਨੂੰ ਦੇ ਦਿਤੀਆਂ।' ਉਸ ਨੇ ਸ਼ਰਮਿੰਦਾ ਹੋ ਕੇ ਪੰਜਾਹ ਹੋਰ ਮੋਹਰਾਂ ਭੇਟਾ ਕੀਤੀਆਂ ਤੇ ਗਲਤੀ ਦੀ ਮਾਫੀ ਮੰਗੀ।

ਬਾਬਾ ਜੀ ਨੇ ਕਿਹਾ, 'ਤੂੰ ਨਵਿਓਂ ਸਿਰਿਓਂ ਦੀਨਦਾਰ ਬਣ ਤਾਂ ਹੀ ਤੇਰਾ ਦਿਲ ਪਾਕ ਪਵਿਤਰ ਹੋਵੇਗਾ।' ਆਗਿਆ ਅਨੁਸਾਰ ਉਸ ਨੇ ਦੀਨ ਈਮਾਨ ਨੂੰ ਨਵੇਂ ਸਿਰਿਓਂ ਧਾਰਨ ਕੀਤਾ।

੨੩ ਜਾਦੂਗਰ

ਇਕ ਦਿਨ ਇਕ ਜਾਦੂਗਰ ਪਾਕਪਟਨ ਆਇਆ ਤਾਂ

ਉਸ ਨੇ ਆਪਣੇ ਜਾਦੂ ਦੇ ਜ਼ੋਰ ਨਾਲ ਫ਼ਰੀਦ ਨੂੰ ਬੀਮਾਰ ਪਾ ਦਿਤਾ ਤੇ ਆਪ ਬੀਮਾਰੀ ਕਾਰਨ ਕਾਫ਼ੀ ਨਿਢਾਲ ਹੋ ਗਏ।

ਜਦੋਂ ਸ਼ੇਖ ਫਰੀਦ ਦੇ ਚੇਲੇ ਨਿਜ਼ਾਮੁਦੀਨ ਤੇ ਬਦਰੁੱਦੀਨ ਪਤਾ ਕਰਨ ਗਏ ਤਾਂ ਖਬਰ ਮਿਲੀ ਕਿ ਜਾਦੂਗਰ ਨੇ ਕਿਤੇ ਕਬਰ ਉੱਤੇ ਆਟੇ ਦਾ ਪੁਤਲਾ ਰੱਖਿਆ ਹੋਇਆ ਹੈ ਤੇ ਉਸ ਵਿਚ ਸੂਈਆਂ ਦਬਾਈਆਂ ਹੋਈਆਂ ਹਨ, ਜੋ ਫਰੀਦ ਜੀ ਨੂੰ ਚੁਭ ਰਹੀਆਂ ਹਨ। ਇਹ ਚੇਲੇ ਉਹ ਪੁਤਲਾ ਚੁਕ ਲਿਆਏ ਤੇ ਸੂਈਆਂ ਵਗਾਹ ਮਾਰੀਆਂ। ਜਦੋਂ ਹਾਕਮ ਅਜੋਧਨ ਨੂੰ ਪਤਾ ਲਗਾ ਤਾਂ ਉਸ ਨੇ ਜਾਦੂਗਰ ਨੂੰ ਗ੍ਰਿਫਤਾਰ ਕਰਕੇ ਸ਼ੇਖ ਸਾਹਿਬ ਦੇ ਪੇਸ਼ ਕਰ ਦਿੱਤਾ ਤੇ ਕਿਹਾ - 'ਇਸ ਨੂੰ ਜੋ ਮਰਜ਼ੀ ਹੈ, ਸਜ਼ਾ ਦਿਓ, ਇਸ ਨੇ ਤੁਹਾਨੂੰ ਕਸ਼ਟ ਦਿੱਤਾ ਹੈ।'

ਫਰੀਦ ਜੀ ਆਖਣ ਲਗੇ, 'ਰੱਬ ਨੇ ਸਾਨੂੰ ਸਿਹਤ ਬਖਸ਼ੀ ਹੈ ਤੇ ਅਸੀਂ ਇਸ ਗੁਨਾਹਗ਼ਾਰ ਜਾਦੂਗਰ ਨੂੰ ਬਖਸ਼ਦੇ ਹਾਂ। ਸਜ਼ਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।'

ਇਹ ਸੁਣ ਕੇ ਬੇਚਾਰਾ ਜਾਦੂਗਰ ਚਰਨੀਂ ਪੈ ਗਿਆ।

੨੪ ਜੋਗੀ

ਇਕ ਮਾਈ ਦੁਧ ਲਈ ਜਾਂਦੀ ਬਾਬਾ ਫ਼ਰੀਦ ਪਾਸ ਆਈ ਤਾਂ ਉਹ ਪੁਛਣ ਲਗੇ, 'ਮਾਈ ! ਇਹ ਦੁਧ ਕਿਧਰ ਲਿਚਲੀ ਹੈਂ ?' ਉਸ ਨੇ ਕਿਹਾ ਮੈਂ ਇਕ ਜੋਗੀ ਨੂੰ ਦੁਧ ਦੇਣ ਚਲੀ ਹਾਂ। ਜੇ ਉਸ ਦੀ ਮੰਗ ਪੂਰੀ ਨਾ ਕੀਤੀ ਜਾਵੇ ਤਾਂ ਉਹ ਜਾਦੂ ਟੂਣੇ ਕਰ ਕੇ ਤੰਗ ਕਰਦਾ ਹੈ, ਬੀਮਾਰੀਆਂ ਪਾ ਦਿੰਦਾ ਤੇ ਦੁਧ ਦਾ ਲਹੂ ਬਣਾ ਦਿੰਦਾ ਹੈ, ਮੈਨੂੰ ਆਗਿਆ ਦਿਓ ਮੈਂ ਛੇਤੀ ਜਾ ਕੇ ਉਸ ਨੂੰ ਦੁਧ ਭੇਟ ਕਰ ਆਵਾਂ।'

ਮਾਈ ਦੀ ਗੱਲ ਸੁਣ ਕੇ ਬਾਬਾ ਜੀ ਨੂੰ ਤਰਸ ਆਇਆ

ਤਾਂ ਕਹਿਣ ਲਗੇ 'ਤੂੰ ਇਥੇ ਹੀ ਬੈਠ, ਦੂਧ ਫਕੀਰਾਂ ਨੂੰ ਪਿਲਾ ਦੇ, ਜੋਗੀ ਪਾਸ ਜਾਣ ਦੀ ਲੋੜ ਨਹੀਂ। ਇਤਨੇ ਨੂੰ ਜੋਗੀ ਦਾ ਇਕ ਚੇਲਾ ਆ ਗਿਆ, 'ਮਾਈ ਤੂੰ ਇਥੇ ਬੈਠੀ ਹੈ' ? ਫਰੀਦ ਕਹਿਣ ਲਗੇ, 'ਮੂਰਖ! ਚੁਪ ਹੋ ਜਾ।'

ਇਹ ਸੁਣ ਕੇ ਉਸ ਦੀ ਜ਼ਬਾਨ ਬੰਦ ਹੋ ਗਈ। ਫਿਰ ਜੋਗੀ ਦੇ ਹੋਰ ਚੇਲੇ ਆਏ ਤੇ ਬੈਠਦੇ ਗਏ ਪਰ ਉਹ ਧਰਤੀ ਨਾਲ ਹੀ ਚੰਬੜਦੇ ਗਏ, ਉਠ ਨ ਸਕੇ। ਅਖੀਰ ਜੋਗੀ ਆਪ ਹਾਜ਼ਰ ਹੋਇਆ ਤੇ ਆ ਕੇ ਫਰੀਦ ਜੀ ਤੋਂ ਮਾਫ਼ੀ ਮੰਗੀ।' ਉਨ੍ਹਾਂ ਤਾੜਨਾ ਕੀਤੀ, 'ਫਕੀਰ ਹੋ ਕੇ ਕਿਸੇ ਨੂੰ ਤੰਗ ਨ ਕਰੋ।' ਜੇ ਇਹੋ ਕੁਝ ਕਰਨਾ ਹੈ ਤਾਂ ਇਥੋਂ ਕਿਨਾਰਾ ਕਰੋ।'

ਉਹ ਜੋਗੀ ਉਥੋਂ ਦੌੜ ਗਿਆ ਤੇ ਬਾਬਾ ਫਰੀਦ ਉਥੇ ਬੈਠ ਗਏ। ਫਿਰ ਹੱਸਕੇ ਕਹਿਣ ਲਗੇ :-

'ਫ਼ਕੀਰ ਦੇ ਡੇਰੇ ਵਿਚ, ਇਕ ਫਕੀਰ ਹੀ ਰਹਿ ਸਕਦਾ ਹੈ।'

੨੫ ਹਸਨ ਕੱਵਾਲ

ਹਸਨ ਕੱਵਾਲ ਸ਼ੇਖ ਫਰੀਦ ਨੂੰ ਗਾ ਕੇ ਰੀਝਾਇਆ ਕਰਦਾ ਸੀ। ਇਕ ਦਿਨ ਕਹਿਣ ਲਗਾ, ਮੈਨੂੰ ਜੇ ਆਗਿਆ ਦਿਓ ਤਾਂ ਮੈਂ ਸ਼ੇਖ ਬਹਾਉਦੀਨ ਜ਼ਕਰੀਏ ਦੇ ਦਰਸ਼ਨ ਕਰ ਆਵਾਂ। ਬਾਬਾ ਫਰੀਦ ਜੀ ਨੇ ਤਾਕੀਦ ਕੀਤੀ, ਕੋਈ ਉਥੇ ਬੇਅਦਬੀ ਦੀ ਗੱਲ ਨ ਕਰ ਬੈਠੀਂ। ਇਹ ਤੁਰ ਪਿਆ, ਕੀ ਦੇਖਦਾ ਹੈ, ਅੱਗੇ ਸ਼ੇਖ ਜ਼ਕਰੀਆ ਇਕ ਸੁੰਦਰ ਮਹਲ ਵਿਚ ਜੜਾਊ ਪਲੰਘ ਉੱਤੇ ਬੈਠੇ ਹਨ, ਪਿਛੇ ਰੂਮੀ ਮਖਮਲ ਦਾ ਤਕੀਆ ਲਗਿਆ ਹੋਇਆ ਹੈ।

ਇਹ ਦੇਖਕੇ ਹਸਨ ਦਿਲ ਵਿਚ ਕਹਿਣ ਲਗਾ 'ਇਹ ਚੰਗਾ ਫਕੀਰ ਹੈ, ਇਕ ਪਾਸੇ ਇਤਨਾ ਸ਼ਾਹੀ ਠਾਠ ਹੈ, ਦੂਜੇ

ਪਾਸੇ ਇਹ ਰੱਬ ਦਾ ਫਕੀਰ ਕਹਾਉਂਦਾ ਹੈ। ਅਸਲ ਫਕੀਰੀ ਤਾਂ ਮੇਰੇ ਮੁਰਸ਼ਦ ਬਾਬਾ ਫ਼ਰੀਦ ਪਾਸ ਹੈ।'

ਇਉਂ ਸੋਚ ਹੀ ਰਿਹਾ ਸੀ, ਸ਼ੇਖ ਨੇ ਉਸ ਦੇ ਮਨ ਦੀ ਗੱਲ ਸਮਝਕੇ ਕਿਹਾ, ''ਤੈਨੂੰ ਫਰੀਦ ਨੇ ਆਉਣ ਵੇਲੇ ਕੀ ਆਖਿਆ ਸੀ ?' ਹਸਨ ਠਠੰਬਰ ਗਿਆ ਤੇ ਮਾਫੀ ਮੰਗੀ।

੨੬ ਅੰਨ੍ਹਾ ਚੋਰ

ਇਕ ਵਾਰ ਇਕ ਚੋਰ ਰਾਤ ਨੂੰ ਸ਼ੇਖ ਫ਼ਰੀਦ ਦੇ ਘਰ ਆਇਆ ਤੇ ਅੰਦਰ ਵੜਦਿਆਂ ਸਾਰ ਅੰਨ੍ਹਾ ਹੋ ਗਿਆ। ਇਹ ਸਾਰੀ ਰਾਤ ਚਾਰੇ ਪਾਸੇ ਹੱਥ ਮਾਰਦਾ ਰਿਹਾ ਪਰ ਇਸ ਨੂੰ ਕੁਝ ਨਾ ਮਿਲਿਆ। ਇਹ ਬਾਹਰ ਜਾਣਾ ਚਾਹੁੰਦਾ ਸੀ ਪਰੰਤੂ ਨਜ਼ਰ ਨਾ ਹੋਣ ਕਰ ਕੇ ਦਰਵਾਜ਼ਾ ਲੱਭਣੋਂ ਅਸਮੱਰਥ ਸੀ।

ਇਤਨੇ ਨੂੰ ਤੜਕਸਾਰ ਫਰੀਦ ਦਾ ਇਕ ਚੇਲਾ ਉਠਿਆ, ਉਸ ਨੇ ਚੋਰ ਨੂੰ ਦੇਖ ਕੇ ਕਿਹਾ, 'ਤੂੰ ਕੌਣ ਹੈ? ਇਥੇ ਇਸ ਵੇਲੇ ਕਿਉਂ ਆਇਆ ਹੈਂ? ਪਾਪੀਆ ! ਤੂੰ ਫਕੀਰਾਂ ਦੇ ਘਰ ਵੀ ਚੋਰੀ ਹੀ ਕਰਨੀ ਸੀ ?'

ਚੋਰ ਨੇ ਜਵਾਬ ਦਿਤਾ, 'ਜਦ ਮੈਂ ਅੰਦਰ ਵੜਿਆ, ਉਸੇ ਸਮੇਂ ਅੰਨ੍ਹਾ ਹੋ ਗਿਆ ਸਾਂ, ਕੁਝ ਨਾ ਦਿਸਣ ਕਰ ਕੇ ਬਾਹਰ ਨਹੀਂ ਜਾ ਸਕਿਆ, ਮੈਨੂੰ ਮਾਫ ਕਰ ਦਿਓ।'

ਚੇਲਾ ਅੰਨ੍ਹੇ ਚੋਰ ਨੂੰ ਪਕੜ ਕੇ ਸ਼ੇਖ ਫਰੀਦ ਜੀ ਦੇ ਪਾਸ ਲਿਆਇਆ ਤੇ ਕਿਹਾ, 'ਦੱਸੋ ਇਸ ਨੂੰ ਕੀ ਸਜ਼ਾ ਦੇਈਏ:' ਸ਼ੇਖ ਜੀ ਨੇ ਕਿਹਾ, 'ਇਸ ਨੂੰ ਸਜ਼ਾ ਤਾਂ ਮਿਲ ਚੁੱਕੀ ਹੈ।' ਚੋਰ ਨੇ ਬੇਨਤੀ ਕੀਤੀ 'ਮੈਂ ਭੁੱਲ ਗਿਆ ਹਾਂ, ਮੈਨੂੰ ਬਖਸ਼ਿਆ ਜਾਵੇ।' ਸ਼ੇਖ ਫਰੀਦ ਨੇ ਉਸ ਲਈ ਖ਼ੁਦਾ ਪਾਸ ਦੁਆ ਕੀਤੀ ਤੇ ਉਸ ਦੀਆਂ ਅੱਖਾਂ ਪਹਿਲਾਂ ਵਾਂਙ ਹੋ ਗਈਆਂ।

੨੭ ਕੈਂਚੀ ਤੇ ਸੂਈ

ਇਕ ਵਾਰ ਕੋਈ ਸੱਜਣ ਬਾਬਾ ਫਰੀਦ ਪਾਸ ਕੈਂਚੀ ਲੈ ਕੇ ਆਇਆ ਤੇ ਉਸ ਨੇ ਆਖਿਆ, 'ਮਹਾਰਾਜ ! ਇਹ ਕੈਂਚੀ ਬੜੀ ਹੀ ਤਿੱਖੀ ਹੈ, ਇਸ ਦੀ ਧਾਰ ਸੋਹਣੀ ਲਗੀ ਹੋਈ ਹੈ ਤੇ ਵਧੀਆ ਲੋਹੇ ਦੀ ਬਣੀ ਹੋਈ ਹੈ ਅਤੇ ਇਹ ਬਹੁਤ ਸੋਹਣਾ ਕੱਟਦੀ ਹੈ।'

ਬਾਬਾ ਫਰੀਦ ਜੀ ਨੇ ਕੈਂਚੀ ਉਸ ਦੇ ਹੱਥੋਂ ਲੈ ਲਈ ਤੇ ਉਸ ਨੂੰ ਚਾਰੇ ਪਾਸੇ ਘੁਮਾ ਕੇ ਦੇਖਿਆ ਤੇ ਕਿਹਾ ਭਾਈ ! ਇਹ ਲੈ ਜਾ, ਇਹ ਤਾਂ ਕੱਟਣ ਵਾਲੀ ਹੈ, ਚੀਰ ਫਾੜ ਕਰਨ ਵਾਲੀ ਹੈ, ਸਾਡਾ ਕੰਮ ਕੱਟਣਾ ਨਹੀਂ, ਜੋੜਨਾ ਹੈ।'

ਇਸ ਦੀ ਥਾਂ ਮੈਨੂੰ ਤਾਂ ਇਕ ਨਿਕੀ ਜਿਹੀ ਸੂਈ ਲਿਆ ਦਿਓ ਤਾਂ ਕਿ ਮੈਂ ਫਟਿਆਂ ਨੂੰ ਜੋੜ ਸਕਾਂ। ਫਕੀਰਾਂ ਦਾ ਕੰਮ ਟੁਟਿਆਂ ਨੂੰ ਜੋੜਨਾ ਹੈ।

੨੮ ਮੁਲਾਕਾਤ ਵੱਡੀ ਕਿ ਕਰਾਮਾਤ ?

ਇਕ ਵਾਰ ਸ਼ੇਖ ਫ਼ਰੀਦ ਤੇ ਸ਼ੇਖ ਬਹਾਉਦੀਨ ਘੁੰਮਦੇ -ਫਿਰਦੇ ਬਾਹਰ ਨਿਕਲ ਗਏ। ਆਪਸ ਵਿਚ ਚਰਚਾ ਹੋਣ ਲਗੀ ਕਿ ਮੁਲਾਕਾਤ ਵੱਡੀ ਹੈ ਕਿ ਕਰਾਮਾਤ, ਕਰਾਮਾਤ ਹੀ ਵੱਡੀ ਹੈ ਜੋ ਕੁਝ ਚਾਹੇ ਕਰ ਸਕਦੀ ਹੈ।

ਜਦੋਂ ਦੋਵੇਂ ਫਕੀਰ ਤੁਰਦੇ ਤੁਰਦੇ ਇਕ ਨਗਰ ਪਾਸ ਪਹੁੰਚੇ ਤਾਂ ਸਖ਼ਤ ਮੀਂਹ ਅਨ੍ਹੇਰੀ ਆ ਗਈ ਤੇ ਤੂਫਾਨ ਝੁਲਣ ਲਗਾ। ਫਰੀਦ ਸਾਹਿਬ ਹੱਸਕੇ ਕਹਿਣ ਲਗੇ, ਹੁਣ ਵਕਤ ਹੈ, ਤੁਸੀਂ ਕਰਾਮਾਤ ਦਿਖਾਓ।

ਤਾਂ ਕਿ ਇਸ ਆਫਤ ਤੋਂ ਬਚਾਉ ਹੋ ਸਕੇ।'

ਸ਼ੇਖ ਬਹਾਉਦੀਨ ਨੇ ਉੱਤਰ ਦਿਤਾ, ਇਤਨੀ ਛੇਤੀ

ਕਰਾਮਾਤ ਕਿਥੋਂ ਹੋ ਸਕਦੀ ਹੈ। ਸ਼ੇਖ ਫਰੀਦ ਨੇ ਕਿਹਾ, 'ਇਸ ਪਿੰਡ ਵਿਚ ਇਕ ਗਰੀਬੜਾ ਜਿਹਾ ਬੰਦਾ ਹੈ ਜੋ ਸਾਡਾ ਮੁਲਾਕਾਤੀ ਹੈ, ਉਸ ਪਾਸ ਚਲਦੇ ਹਾਂ।' ਦੋਵੇਂ ਉਸਦੇ ਘਰ ਗਏ, ਅਗੋਂ ਉਸਨੇ ਬੜੇ ਹੀ ਆਦਰ ਨਾਲ ਦੋਹਾਂ ਫਕੀਰਾਂ ਨੂੰ ਬਿਠਾਇਆ। ਅੱਗ ਬਾਲ ਕੇ ਪਾਣੀ ਗਰਮ ਕੀਤਾ, ਹੱਥ ਪੈਰ ਧੁਆਏ ਤੇ ਪ੍ਰੇਮ ਨਾਲ ਦਾਲ ਰੋਟੀ ਖਵਾਈ।

ਅਖੀਰ ਇਸ ਪ੍ਰੇਮੀ ਨੇ ਕਪੜੇ ਵਿਛਾ ਦਿਤੇ ਤੇ ਦੋਵੇਂ ਫਕੀਰ ਬੜੇ ਖੁਸ਼ ਹੋਏ। ਸ਼ੇਖ ਫਰੀਦ ਹੱਸ ਕੇ ਪੁਛਣ ਲਗੇ, 'ਦੱਸੋ ਸ਼ੇਖ ਜੀ! ਕੀ ਚੀਜ਼ ਵੱਡੀ ਹੈ ? ਬਹਾਉਦੀਨ ਕਹਿਣ ਲਗੇ, 'ਕਰਾਮਾਤ ਨਹੀਂ, ਮੁਲਾਕਾਤ ਹੀ ਵੱਡੀ ਹੈ।'

੨੯ ਰੋਟੀ - ਛੇਵਾਂ ਰੁਕਨ

ਪਾਕਪਟਨ ਵਿਚ ਇਕ ਮੁੱਲਾਂ ਰਹਿੰਦਾ ਸੀ ਜੋ ਸਦਾ ਫਕੀਰਾਂ ਨੂੰ ਬੁਰਾ ਭਲਾ ਕਹਿੰਦਾ ਰਹਿੰਦਾ ਸੀ - 'ਇਨ੍ਹਾਂ ਸ਼ਰ੍ਹਾ ਸ਼ਰੀਅਤ ਦੀਆਂ ਕਿਤਾਬਾਂ ਨਹੀਂ ਪੜ੍ਹੀਆਂ, ਇਨ੍ਹਾਂ ਨੂੰ ਦੀਨ ਦਾ ਕੀ ਪਤਾ ਹੈ।' ਇਕ ਵਾਰ ਇਹ ਸ਼ੇਖ ਫਰੀਦ ਪਾਸ ਆ ਕੇ ਵੀ ਊਲ-ਜਲੂਲ ਬਕਦਾ ਰਿਹਾ। ਉਨ੍ਹਾਂ ਕਿਹਾ, 'ਮੁੱਲਾਂ ਜੀ! ਦੱਸੋ, ਇਸਲਾਮ ਦੇ ਕਿੰਨੇ ਰੁਕਨ ਹਨ ? ਉਸ ਨੇ ਜਵਾਬ ਦਿੱਤਾ, ਪੰਜ - ਕਲਮਾ, ਨਮਾਜ਼, ਰੋਜ਼ਾ, ਹੱਜ ਤੇ ਜ਼ਕਾਤ। ਸ਼ੇਖ ਫਰੀਦ ਨੇ ਕਿਹਾ, ਮੈਂ ਸੁਣਿਆ ਹੈ, ਕੋਈ ਛੇਵਾਂ ਰੁਕਨ ਵੀ ਹੈ ਤੇ ਉਹ ਰੋਟੀ ਹੈ। ਮੁੱਲਾਂ ਗੁੱਸੇ ਵਿਚ ਆ ਕੇ ਕਹਿਣ ਲਗਾ, 'ਤੁਹਾਨੂੰ ਪਤਾ ਹੀ ਨਹੀਂ, ਇਸਦਾ ਜ਼ਿਕਰ ਨ ਕੁਰਾਨ ਵਿਚ ਹੈ, ਨ ਹਦੀਸਾਂ ਵਿਚ ਤੇ ਨਾ ਹੀ ਫਿਕਾਅ ਦੀਆਂ ਕਿਤਾਬਾਂ ਵਿਚ। ਤੁਸਾਂ ਇਹ ਛੇਵਾਂ ਰੁਕਨ ਕਿਵੇਂ ਬਣਾ ਦਿੱਤਾ।'

ਸਮਾਂ ਗੁਜ਼ਰਦਾ ਗਿਆ, ਮੁੱਲਾਂ ਹੱਜ ਤੇ ਮੱਕੇ ਚਲਿਆ ਗਿਆ। ਉਧਰ ਸੱਤ ਸਾਲ ਰਿਹਾ। ਜਦ ਵਾਪਸ ਆਇਆ ਤਾਂ ਰਸਤੇ ਵਿਚ ਬੇੜਾ ਟੁੱਟ ਗਿਆ ਤੇ ਇਹ ਫੱਟੇ ਉੱਤੇ ਤਰਦਾ ਤਰਦਾ ਕਿਸੇ ਕਿਨਾਰੇ ਜਾ ਲਗਾ। ਭੁੱਖ ਬਹੁਤ ਲਗੀ ਹੋਈ ਸੀ, ਕੋਈ ਚਾਰਾ ਨਹੀਂ ਸੀ, ਇਕ ਰੋਟੀ ਵਾਲਾ ਆਇਆ, ਉਸਨੇ ਕਿਹਾ, ਪੈਸੇ ਦੇ, ਤਾਂ ਰੋਟੀ ਦਿਆਂਗਾ। ਮੁੱਲਾਂ ਨੇ ਕਿਹਾ, ਮੇਰੇ ਪਾਸ ਪੈਸੇ ਹੈ ਨਹੀਂ। ਫਿਰ ਉਸਨੇ ਆਖਿਆ ਤੂੰ ਮੈਨੂੰ ਸੱਤਾਂ ਹੱਜਾਂ ਦਾ ਪੁੰਨ ਦੇ ਦੇ, ਮੈਂ ਤੈਨੂੰ ਰੋਟੀ ਦੇ ਦਿੰਦਾ ਹਾਂ। ਇਸਨੇ ਸੋਚਿਆ, ਕਹਿਣ ਨਾਲ ਕੀ ਹੁੰਦਾ ਹੈ, ਕਹਿ ਦਿੰਦੇ ਹਾਂ, ਭੁੱਖ ਤਾਂ ਮਿਟਾਈਏ। ਉਸਨੇ ਰੋਟੀ ਦੇ ਦਿੱਤੀ। ਫੇਰ ਭੁੱਖ ਲਗੀ ਤਾਂ ਇਸਨੇ ਰੋਜ਼ਿਆਂ ਦਾ ਪੁੰਨ ਦੇ ਦਿੱਤਾ, ਤੀਜੇ ਦਿਨ ਨਿਮਾਜ਼ਾਂ ਦਾ ਫਲ; ਚੌਥੇ ਦਿਨ ਜ਼ਕਾਤ ਦਾ ਪੁੰਨ ਦੇ ਕੇ ਰੋਟੀ ਖਾ ਲਈ। ਹੁਣ ਮੁੱਲਾਂ ਕਹਿਣ ਲਗਾ, ਮੇਰੇ ਪਾਸ ਕੁਝ ਨਹੀਂ ਰਿਹਾ। ਰੋਟੀ ਵੇਚਣ ਵਾਲੇ ਨੇ ਆਖਿਆ, ਕੋਈ ਗੱਲ ਨਹੀਂ। ਹੁਣ ਤੂੰ ਕੇਵਲ ਮੈਨੂੰ ਲਿਖਕੇ ਦੇ ਦੇ ਕਿ ਮੈਂ ਰੋਟੀ ਦੇ ਬਦਲੇ ਸਾਰੇ ਪੁੰਨ ਦੇ ਬੈਠਾ ਹਾਂ ਤੇ ਅੱਜ ਕੇਵਲ ਇਹ ਲਿਖਤ ਹੀ ਦੇ ਰਿਹਾ ਹਾਂ।' ਮੁੱਲਾਂ ਨੇ ਇਹ ਲਿਖਤ ਦੇ ਕੇ ਰੋਟੀ ਖਾ ਲਈ ਤੇ ਵਾਪਸ ਪਿੰਡ ਆ ਗਿਆ।

ਜਦ ਸ਼ੇਖ ਫਰੀਦ ਜੀ ਨੂੰ ਪਤਾ ਲਗਾ ਤਾਂ ਉਹ ਮੁੱਲਾਂ ਨੂੰ ਬੜਾ ਪ੍ਰੇਮ ਨਾਲ ਮਿਲੇ ਤੇ ਸਫਰ ਦੇ ਹਾਲ ਚਾਲ ਪੁਛਦਿਆਂ ਕਿਹਾ, 'ਅਸੀਂ ਤੁਹਾਨੂੰ ਬੜਾ ਯਾਦ ਕਰਦੇ ਰਹੇ ਹਾਂ। ਤੁਸੀਂ ਹੁਣ ਸਾਡੇ ਨਾਲ ਨਰਾਜ਼ ਤਾਂ ਨਹੀਂ, ਉਦੋਂ ਇਕ ਗੱਲੋਂ ਗੁੱਸੇ ਹੋ ਗਏ ਸੀ। ਤੁਸੀਂ ਦੀਨ ਦੇ ਪੰਜ ਰੁਕਨ ਦੱਸਦੇ ਸੀ, ਅਸੀਂ ਕਿਹਾ ਸੀ, ਛੇਵਾਂ ਰੁਕਨ ਹੋਰ ਵੀ ਹੈ।'

ਮੁੱਲਾਂ ਨੂੰ ਸਾਰੀ ਗੱਲ ਯਾਦ ਆਈ ਤੇ ਫਿਰ ਉਸ ਜ਼ੋਰ

ਨਾਲ ਦੁਹਰਾਇਆ, 'ਮੈਂ ਹੁਣ ਵੀ ਕਹਿੰਦਾ ਹਾਂ ਕਿ ਫਕੀਰ ਸ਼ਰ੍ਹਾ ਦੀਆਂ ਕਿਤਾਬਾਂ ਨਹੀਂ ਪੜ੍ਹਦੇ, ਇਨ੍ਹਾਂ ਨੂੰ ਪਤਾ ਹੀ ਨਹੀਂ, ਐਵੇਂ ਗੱਪ ਮਾਰ ਛਡਦੇ ਹਨ। ਮੈਂ ਤਾਂ ਕਿਸੇ ਕਿਤਾਬ ਵਿਚ ਲਿਖਿਆ ਨਹੀਂ ਦੇਖਿਆ। ਜੇ ਤੁਸੀਂ ਲਿਖਿਆ ਦੇਖਿਆ ਹੈ ਤਾਂ ਦਿਖਾਓ।' ਬਾਬਾ ਫਰੀਦ ਨੇ ਆਪਣੇ ਸੇਵਕ ਨੂੰ ਬੁਲਾਕੇ ਉਹ ਲਿਖਤ ਦਿਖਾਈ ਜੋ ਮੁੱਲਾਂ ਨੇ ਆਪਣੀ ਹੱਥੀਂ ਲਿਖੀ ਸੀ। ਮੁੱਲਾਂ ਲਿਖਤ ਦੇਖ ਕੇ ਹੱਕਾ-ਬੱਕਾ ਰਹਿ ਗਿਆ ਤੇ ਸ਼ੇਖ ਫਰੀਦ ਦੇ ਚਰਨੀਂ ਪੈ ਗਿਆ।

੩੦ ਸ਼ੇਖ ਸੂਫ

ਇਕ ਵਾਰੀ ਦੀ ਗੱਲ ਹੈ ਕਿ ਸ਼ੇਖ ਫਰੀਦ, ਸ਼ੇਖ ਬਹਾਉਦੀਨ ਅਤੇ ਹੋਰ ਦਰਵੇਸ਼ਾਂ ਨੂੰ ਨਾਲ ਲੈ ਕੇ ਸ਼ੇਖ ਸੂਫ ਨੂੰ ਮਿਲਣ ਲਈ ਗਏ। ਅਗੇ ਸ਼ੇਖ ਸੂਫ, ਦਰਿਆ ਤੋਂ ਪਾਰ ਉੱਚਾ ਵੱਡਾ ਚੁਬਾਰਾ ਬਣਾ ਕੇ ਰਹਿੰਦੇ ਸਨ। ਜਦ ਸਾਰੇ ਫਕੀਰ ਅੱਗੇ ਆਏ ਤਾਂ ਦਰਿਆ ਚੜ੍ਹਿਆ ਹੋਇਆ ਸੀ ਪਰ ਬੇੜੀ ਯਾ ਪਾਰ ਕਰਨ ਦਾ ਕੋਈ ਹੋਰ ਸਾਧਨ ਨਹੀਂ ਸੀ।

ਸ਼ੇਖ ਫਰੀਦ ਜੀ ਨੇ ਅੱਲ੍ਹਾ ਦਾ ਨਾਮ ਲੈ ਕੇ ਆਪਣਾ ਮੁਸੱਲਾ ਦਰਿਆ ਵਿਚ ਸੁੱਟ ਦਿੱਤਾ ਤੇ ਸਾਰੇ ਸਾਥੀ ਉਸ ਉਤੇ ਬੈਠ ਗਏ। ਜਦ ਦਰਿਆ ਪਾਰ ਕਰ ਕੇ ਪਰਲੇ ਕੰਢੇ ਪਹੁੰਚੇ ਤਾਂ ਸ਼ੇਖ ਸੂਫ ਚੁਬਾਰੇ ਦੀ ਬਾਰੀ ਵਿਚੋਂ ਤੱਕ ਤੱਕ ਹੈਰਾਨ ਹੋ ਰਹੇ ਸਨ ਕਿ ਮੇਰੀ ਆਗਿਆ ਤੋਂ ਬਿਨਾਂ ਕੌਣ ਕੋਈ ਇਧਰ ਆ ਰਿਹਾ ਹੈ। ਉਨ੍ਹਾਂ ਰੋਹ ਵਿਚ ਆ ਕੇ ਮੁਸੱਲੇ ਨੂੰ ਤਰਨੋਂ ਰੋਕ ਦਿੱਤਾ। ਇਧਰ ਸ਼ੇਖ ਫ਼ਰੀਦ ਨੇ ਉੱਚੀ ਉੱਚੀ ਹਸਦਿਆਂ ਕਿਹਾ, 'ਦਰਵੇਸ਼ਾਂ ਦਾ ਮੁਸੱਲਾ ਰੋਕਣ ਵਾਲਿਆ ! ਤੇਰੇ ਸਿਰ ਸਿੰਗ।' ਕਹਿਣ ਦੀ ਦੇਰ ਸੀ ਕਿ ਸ਼ੇਖ ਸੂਫ ਦੇ ਸਿਰ ਸਿਗ

ਨਿਕਲ ਆਏ ਤੇ ਉਹ ਬਾਰੀ ਵਿਚ ਫਸ ਗਏ। ਅਖੀਰ ਸ਼ੇਖ ਫਰੀਦ ਨੂੰ ਵੇਖ ਕੇ ਉਨ੍ਹਾਂ ਪਸ਼ਚਾਤਾਪ ਕੀਤਾ ਤੇ ਮੁਸੱਲਾ ਤਰਦਾ ਤਰਦਾ ਪਾਰ ਲਗ ਗਿਆ।

ਸਾਰੇ ਦਰਵੇਸ਼ ਇਕੱਠੇ ਹੋ ਕੇ ਬਹੁਤ ਪ੍ਰਸੰਨ ਹੋਏ ਤੇ ਸ਼ੇਖ ਸੂਫ ਨੇ ਮਾਫੀ ਮੰਗੀ ਤੇ ਉਨ੍ਹਾਂ ਦੀ ਪੂਰੀ ਪੂਰੀ ਸੇਵਾ ਕੀਤੀ।

੩੧ ਕਲੰਦਰ

ਇਕ ਦਿਨ ਇਕ ਕਲੰਦਰ ਸ਼ੇਖ ਫਰੀਦ ਜੀ ਨੂੰ ਮਿਲਣ ਆਇਆ। ਅੱਗੇ ਫਰੀਦ ਸਾਹਿਬ ਬੰਦਗੀ ਵਿਚ ਲੀਨ ਸਨ, ਪਹਿਰੇਦਾਰ ਸੇਵਕਾਂ ਇਸ ਨੂੰ ਅੰਦਰ ਨ ਜਾਣ ਦਿਤਾ। ਉਨ੍ਹਾਂ ਕਿਹਾ, ਤੂੰ ਰੋਟੀ ਪਾਣੀ ਖਾ ਲੈ, ਜਦ ਤਕ ਉਹ ਬਾਹਰ ਆ ਹੀ ਜਾਣਗੇ। ਇਹ ਧਿੰਗੋਜ਼ੋਰੀ ਸ਼ੇਖ ਸਾਹਿਬ ਦੇ ਮੁਸੱਲੇ ਵਾਲੀ ਕੰਬਲੀ ਉਤੇ ਬੈਠ ਗਿਆ ਤੇ ਰੋਟੀ ਖਾ ਲਈ। ਇਸ ਪਿਛੋਂ ਉਸ ਆਪਣੀ ਭੰਗ ਵਾਲੀ ਗੁਥਲੀ ਖੋਲ੍ਹੀ ਤੇ ਉਸ ਨੂੰ ਠੂਠੇ ਵਿਚ ਘੋਲਣ ਲਗਾ, ਜਿਸ ਨਾਲ ਉਸ ਮੁਸੱਲੇ ਉਤੇ ਹੀ ਕੁਝ ਛਿੱਟੇ ਪੈ ਗਏ। ਫਰੀਦ ਜੀ ਦੇ ਸੇਵਕ ਬਦਰੁੱਦੀਨ ਅਸਹਾਕ ਨੇ ਉਸ ਨੂੰ ਰੋਕਿਆ ਪਰ ਉਹ ਨ ਰੁਕਿਆ ਸਗੋਂ ਰੋਹ ਵਿਚ ਆ ਠੂਠਾ ਉਭਾਰ ਕੇ ਅਸਹਾਕ ਨੂੰ ਮਾਰਨ ਲਗਾ। ਇਸ ਸਮੇਂ ਫਰੀਦ ਜੀ ਅੰਦਰੋਂ ਨਿਕਲ ਆਏ, ਹੱਸ ਕੇ ਆਖਣ ਲਗੇ, 'ਕਲੰਦਰਾ! ਮੇਰੀ ਖਾਤਰ ਹੀ ਜਾਣ ਦੇ।' ਅੱਗੋਂ ਉਹ ਬੋਲਿਆ, 'ਫੱਕਰ ਕਿਸੇ ਤੇ ਹੱਥ ਨਹੀਂ ਚੁਕਦੇ, ਜੇ ਚੁਕ ਲੈਣ ਤਾਂ ਐਵੇਂ ਖਾਲੀ ਨਹੀਂ ਮੁੜਦੇ।' ਫਰੀਦ ਜੀ ਨੇ ਫੇਰ ਕਿਹਾ, 'ਤੂੰ ਜਾਣ ਦੇ, ਜੇ ਤੈਨੂੰ ਜ਼ਿਆਦਾ ਹੀ ਗੁੱਸਾ ਹੈ ਤਾਂ ਇਸ ਕੰਧ ਤੇ ਕੱਢ ਲੈ।' ਕਲੰਦਰ ਨੇ ਜ਼ੋਰ ਨਾਲ ਠੂਠਾ ਕੰਧ ਵਿਚ ਮਾਰਿਆ ਤੇ ਉਹ ਕੰਧ ਢਹਿ ਗਈ।

੩੨ ਤੇਲੀ ਦੀ ਵਹੁਟੀ

ਇਕ ਵਾਰ ਸ਼ੇਖ ਫਰੀਦ ਦੇ ਇਲਾਕੇ ਵਲ ਕੋਈ ਹਾਕਮ ਚੜ੍ਹ ਕੇ ਆਇਆ ਤੇ ਲੁੱਟ ਮਾਰ ਕਰਦਾ ਪਿੰਡ ਦਾ ਕਾਫੀ ਸਮਾਨ ਲੈ ਗਿਆ। ਇਸੇ ਰੌਲੇ ਗੌਲੇ ਵਿਚ ਇਕ ਤੇਲੀ ਦੀ ਸੁੰਦਰ ਨਾਰਿ ਵੀ ਉਧਾਲੀ ਗਈ, ਤੇਲੀ ਰੋਂਦਾ ਰੋਂਦਾ ਸ਼ੇਖ ਜੀ ਪਾਸ ਫਰਿਆਦੀ ਹੋਇਆ। ਆਪ ਨੇ ਉਸ ਨਾਲ ਹਮਦਰਦੀ ਕਰਦਿਆਂ ਰੋਟੀ ਖਲਾਈ ਤੇ ਕਿਹਾ, ਤੂੰ ਜ਼ਰਾ ਧੀਰਜ ਕਰ, ਤੇਰੀ ਚੀਜ਼ ਲੱਭ ਦਿਆਂਗੇ। ਤੇਲੀ ਔਖਾ ਸੌਖਾ ਠਹਿਰ ਗਿਆ ਪਰ ਉਸ ਦਾ ਦਿਲ ਨਹੀਂ ਸੀ ਟਿਕਦਾ। ਤੀਜੇ ਦਿਨ ਇਕ ਮੁਨਸ਼ੀ ਪਕੜਿਆ ਹੋਇਆ ਲਿਆਂਦਾ ਗਿਆ ਤੇ ਉਹ ਸ਼ੇਖ ਫਰੀਦ ਜੀ ਪਾਸ ਤਰਲੇ ਕਰਦਾ ਕਹਿਣ ਲਗਾ, ਫਲਾਣੇ ਹਾਕਮ ਨੇ ਮੈਨੂੰ ਹਿਸਾਬ ਕਿਤਾਬ ਦੀ ਪੜਤਾਲ ਲਈ ਬੁਲਾਇਆ ਹੈ, ਮੇਰੀ ਖਲਾਸੀ ਕਰਾਓ। 'ਸ਼ੇਖ ਜੀ ਉਸ ਦੇ ਸੁੱਚੇ ਆਚਰਣ ਤੋਂ ਜਾਣੂ ਸਨ, ਉਨ੍ਹਾਂ ਕਿਹਾ, ਤੂੰ ਫਿਕਰ ਨ ਕਰ, ਤੈਨੂੰ ਸਜ਼ਾ ਨਹੀਂ ਸਗੋਂ ਸਿਰੋਪਾ ਮਿਲੇਗਾ ਪਰ ਇਸ ਇਨਾਮ ਵਿਚੋਂ ਸਾਨੂੰ ਜ਼ਰੂਰ ਇਕ ਚੀਜ਼ ਦੇਣਾ।' ਮੁਨਸ਼ੀ ਨੇ ਕਿਹਾ, 'ਮਹਾਰਾਜ ! ਸਭ ਕੁਝ ਆਪ ਦਾ ਹੀ ਹੈ, ਤੁਸੀਂ ਕ੍ਰਿਪਾ ਕਰੋ।' ਫਰੀਦ ਜੀ ਨੇ ਤੇਲੀ ਨੂੰ ਉਸ ਦੇ ਨਾਲ ਹੀ ਤੋਰ ਦਿਤਾ। ਮੁਨਸ਼ੀ ਦੇ ਮਾਸੂਮ ਚੇਹਰੇ ਨੂੰ ਦੇਖਣ ਸਾਰ ਹਾਕਮ ਨੇ ਕਿਹਾ, 'ਇਸ ਨੂੰ ਛੱਡ ਦਿਓ ਤੇ ਸਿਰੋਪਾ ਦੇ ਕੇ ਵਿਦਾ ਕਰੋ। ਨਾਲ ਇਸ ਨੂੰ ਸੁੰਦਰ ਜਾਮਾ ਪਹਿਨਾ ਕੇ ਇਕ ਬਾਂਦੀ ਵੀ ਦੇ ਦਿੱਤੀ ਜਾਵੇ।' ਹੁਕਮ ਅਨੁਸਾਰ ਮੁਨਸ਼ੀ ਨੂੰ ਸਿਰੋਪਾ ਦਿਤਾ ਗਿਆ ਤੇ ਨਾਲ ਬਾਂਦੀ ਨੂੰ ਤੋਰਿਆ ਗਿਆ। ਉਸ ਨੇ ਆਪਣੇ ਮਾਲਕ ਤੇਲੀ ਨੂੰ ਦੇਖਿਆ, ਉਹ ਵੀ ਪਛਾਣ ਗਈ ਤੇ ਤੇਲੀ ਆਪਣੀ ਘਰ ਵਾਲੀ ਨੂੰ ਤੱਕ ਕੇ ਬਹੁਤ ਪ੍ਰਸੰਨ ਹੋਇਆ। ਦੋਵੇਂ ਬਾਬਾ

ਫਰੀਦ ਦੇ ਗੁਣ ਗਾਉਂਦੇ ਆਪਣੇ ਘਰ ਆ ਗਏ।

੩੩ ਸ਼ੁਕਰਾਨਾ

ਇਕ ਵਾਰ ਕੋਈ ਪ੍ਰੇਮੀ ਮੁਰੀਦ, ਬਾਬਾ ਫਰੀਦ ਦੇ ਦਰਸ਼ਨਾਂ ਨੂੰ ਆ ਰਿਹਾ ਸੀ। ਰਸਤੇ ਵਿਚ ਆਉਂਦਿਆਂ ਇਕ ਬਦਕਾਰ ਔਰਤ ਮਿਲ ਗਈ ਜਿਸਨੇ ਉਸਨੂੰ ਆਪਣੇ ਚੱਕ੍ਰ ਵਿਚ ਫਸਾਂ ਲਿਆ। ਇਹ ਰਸਤੇ ਵਿਚ ਹੀ ਸੀ ਤਾਂ ਅਚਾਨਕ ਇਕ ਆਦਮੀ ਨੇ ਇਸਦੇ ਜ਼ੋਰ ਦੀ ਚਪੇੜ ਆ ਮਾਰੀ ਤੇ ਆਖਿਆ, 'ਤੈਨੂੰ ਸ਼ਰਮ ਨਹੀਂ ਆਈ, ਆਇਆ ਤੂੰ ਫਰੀਦ ਦੇ ਦਰਸ਼ਨਾਂ ਲਈ ਹੈਂ ਤੇ ਤੋਬਾ ਦੀ ਥਾਂ ਰਸਤਾ ਗੁਨਾਹਗਾਰੀ ਦਾ ਫੜਿਆ ਹੈ।' ਇਹ ਸੁਣਕੇ ਉਸਦੀਆਂ ਅੱਖਾਂ ਖੁਲ੍ਹ ਗਈਆਂ ਤੇ ਉਸਨੇ ਆਪਣਾ ਸਿਰ ਫਰੀਦ ਦੇ ਚਰਨਾਂ ਵਿਚ ਰੱਖ ਦਿੱਤਾ। ਬਾਬਾ ਫਰੀਦ ਨੇ ਕਿਹਾ, 'ਤੈਨੂੰ ਰੱਬ ਨੇ ਗੁਨਾਹ ਤੋਂ ਬਚਾ ਲਿਆ ਹੈ, ਹੁਣ ਤੂੰ ਉਸਦਾ ਸ਼ੁਕਰ ਕਰ।'

'ਸ਼ੁਕਰਾਨਾ ਹੀ ਉਸਦੇ ਦਰ ਦਾ ਨਜ਼ਰਾਨਾ ਹੈ।'

੩੪ ਵਿਦਵਾਨ ਦੀ ਇੱਜ਼ਤ

ਇਕ ਵਾਰ ਅਫਜ਼ਲਦੀਨ ਨਾਮੀ ਇਕ ਵਿਦਵਾਨ ਦਿੱਲੀ ਆਇਆ। ਉਸ ਨੇ ਤਮਾਮ ਆਲਮਾਂ ਫਾਜ਼ਲਾਂ ਨੂੰ ਬਹਿਸ ਵਿਚ ਹਰਾ ਦਿੱਤਾ। ਇਹ ਸ਼ੇਖ ਫਰੀਦ ਦੀ ਕੀਰਤੀ ਸੁਣਕੇ ਪਾਕਪਟਨ ਪਹੁੰਚਿਆ, ਇਸ ਦਾ ਖਿਆਲ ਸੀ ਕਿ ਮੈਂ ਉਥੇ ਜਾ ਕੇ ਫਰੀਦ ਜੀ ਨਾਲ ਬਹਿਸ ਕਰਾਂਗਾ ਤੇ ਉਨ੍ਹਾਂ ਨੂੰ ਵੀ ਹਰਾ ਦਿਆਂਗਾ ਪਰੰਤੂ ਸ਼ੇਖ ਫਰੀਦ ਜੀ ਨੇ ਇਸ ਨਾਲ ਬਹਿਸ ਕਰਨੀ ਠੀਕ ਹੀ ਨ ਸਮਝੀ, ਟਾਲਦੇ ਗਏ।

ਸ਼ੇਖ ਫਰੀਦ ਦੇ ਚੇਲੇ ਨਿਜ਼ਾਮੁਦੀਨ ਨੇ ਆਪਣੇ ਤੌਰ ਤੇ ਬਹਿਸ ਕੀਤੀ ਤੇ ਅਫਜ਼ਲਦੀਨ ਨੂੰ ਦਲੀਲਾਂ ਨਾਲ ਹੈਰਾਨ

ਕਰ ਦਿੱਤਾ ਤੇ ਉਹ ਬੜਾ ਸ਼ਰਮਿੰਦਾ ਹੋਇਆ। ਜਦ ਸ਼ੇਖ ਫ਼ਰੀਦ ਜੀ ਨੂੰ ਪਤਾ ਲਗਾ ਤਾਂ ਆਪ ਨਿਜ਼ਾਮੁਦੀਨ ਤੇ ਬੜੇ ਨਰਾਜ਼ ਹੋਏ ਤੇ ਕਹਿਣ ਲਗੇ -

'ਫਕੀਰਾਂ ਦਾ ਕੰਮ ਝਗੜਾ ਚਰਚਾ ਕਰਨਾ ਨਹੀਂ, ਤੁਸੀਂ ਉਸ ਨੂੰ ਨੀਵ਼ਾ ਦਿਖਾਉਣ ਦੀ ਕੋਸ਼ਿਸ਼ ਕੀਤੀ, ਇਹ ਫਕੀਰੀ ਦੇ ਜੀਵਨ ਦੇ ਉਲਟ ਹੈ। ਦਰਵੇਸ਼ਾਂ ਦੀ ਸ਼ੋਭਾ ਵਿਦਵਾਨਾਂ ਦਾ ਸਨਮਾਨ ਕਰਨ ਵਿਚ ਹੈ ਨਾ ਕਿ ਅਪਮਾਨ ਕਰਨ ਵਿਚ। ਮੁਰਸ਼ਦ ਦੀ ਆਗਿਆ ਪਾ ਕੇ ਨਿਜ਼ਾਮੁਦੀਨ ਨੇ ਅਫਜ਼ਲਦੀਨ ਤੋਂ ਖਿਮਾ ਮੰਗੀ ਤੇ ਉਸ ਦਾ ਸਤਿਕਾਰ ਕੀਤਾ।

੩੫ ਲਿਬਨਾਨ ਦੇ ਫਕੀਰ

ਇਕ ਵਾਰ ਲਿਬਨਾਨ ਦੇ ਫਕੀਰਾਂ ਵਿਚ ਇਹ ਬਹਿਸ ਛਿੜ ਪਈ ਕਿ ਇਹ ਪਤਾ ਕੀਤਾ ਜਾਵੇ ਕਿ ਸ਼ੇਖ ਫਰੀਦ 'ਕੁਤਬ' ਹਨ ਕਿ ਨਹੀਂ। ਇਸਲਾਮ ਵਿਚ 'ਕੁਤਬ' ਉਸ ਉਚੇ ਦਰਵੇਸ਼ ਨੂੰ ਕਹਿੰਦੇ ਹਨ, ਜੋ ਰੂਹਾਨੀ ਮੰਡਲਾਂ ਦਾ ਮਾਲਕ ਹੋਵ਼ੇ ਤੇ ਵਿਸ਼ੇਸ਼ ਮਾਨ ਪ੍ਰਤਿਸ਼ਠਾ ਰਖਦਾ ਹੋਵੇ।

ਇਹ ਪਰਖ ਪੜਤਾਲ ਲਈ ਕੁਝ ਦਰਵੇਸ਼ ਹਿੰਦੁਸਤਾਨ ਵਲ ਨੂੰ ਚਲ ਪਏ ਤੇ ਪਾਕਪਟਨ ਸ਼ੇਖ ਫਰੀਦ ਜੀ ਪਾਸ ਪਹੁੰਚ ਗਏ। ਇਹ ਦਰਸ਼ਨ ਕਰ ਕੇ ਇਤਨੇ ਪ੍ਰਭਾਵਿਤ ਹੋਏ ਕਿ ਮੁੜ ਆਪਣੇ ਮੁਲਕ ਜਾਣ ਦਾ ਨਾਂ ਨ ਲਿਆ। ਜਦ ਕਾਫੀ ਅਰਸਾ ਗੁਜ਼ਰ ਗਿਆ ਤਾਂ ਬਾਬਾ ਫਰੀਦ ਜੀ ਨੇ ਸਮਝਿਆ 'ਲਿਬਨਾਨ ਨੂੰ ਸੱਖਣਾ ਨਹੀਂ ਰੱਖਣਾ, ਹਰ ਥਾਂ ਫਕੀਰਾਂ ਦਾ ਰਹਿਣਾ ਜ਼ਰੂਰੀ ਹੈ ਕਿਉਂਕਿ ਫਕੀਰ ਸਾਰੀ ਦੁਨੀਆਂ ਦੇ ਰਖਵਾਲੇ ਹਨ।'

੩੬ ਨਫਾ

ਇਕ ਵਾਰ ਫਰੀਦ 'ਨਾਫਿਆ' ਦੀ ਕਿਤਾਬ ਪੜ੍ਹ ਰਹੇ ਸਨ ਤਾਂ ਖੁਆਜਾ ਕੁਤਬਦੀਨ ਆ ਕੇ ਪੁਛਣ ਲਗਾ, 'ਕਾਕਾ!

ਕੀ ਪੜ੍ਹਦਾ ਹੈਂ ? ਅਗੋਂ ਫਰੀਦ ਨੇ ਕਿਹਾ, ਮੈਂ ਨਾਫਿਆ ਪੜ੍ਹ ਰਿਹਾ ਹਾਂ। ਕੁਤਬਦੀਨ ਨੇ ਜਵਾਬ ਦਿੱਤਾ, ਪੜ੍ਹਾਈ ਪੂਰੀ ਕਰ ਲਓ ਫਿਰ ਰੂਹਾਨੀ ਗਿਆਨ ਵੱਲ ਤੁਰਨਾ ਕਿਉਂਕਿ ਅਨਪੜ੍ਹ ਦਰਵੇਸ਼ ਚਾਹੇ ਕਿਤਨਾ ਸਿਆਣਾ ਹੋਵੇ ਇਕ ਤਰ੍ਹਾਂ ਸ਼ੈਤਾਨ ਦਾ ਪੁਤਲਾ ਹੁੰਦਾ ਹੈ।

'ਇਹ ਨਾਫ਼ਿਆ ਤੇਰੇ ਲਈ ਬਹੁਤ ਨਫੇਵੰਦ ਹੈ।'

ਫਰੀਦ ਕਹਿਣ ਲਗੇ, 'ਮੇਰਾ ਨਫਾ ਤਾਂ ਆਪ ਦੀ ਮਿਹਰ -ਭਰੀ ਨਜ਼ਰ ਵਿਚ ਹੈ, ਜੇ ਕ੍ਰਿਪਾ ਹੋਵੇ।'

੩੭ ਕਾਨੂੰਗੋ

ਅਜੋਧਨ ਦਾ ਕਾਨੂੰਗੋ ਸ਼ੇਖ ਫਰੀਦ ਦੀ ਤੇ ਆਪ ਦੇ ਸਾਹਿਬਜ਼ਾਦਿਆਂ ਦਾ ਆਦਰ ਨਹੀਂ ਸੀ ਕਰਦਾ, ਸਗੋਂ ਕਈ ਵਾਰ ਤੰਗ ਕਰਨ ਦੀ ਕੋਸ਼ਿਸ਼ ਕਰਦਾ ਸੀ। ਇਕ ਦੋ ਵਾਰ ਸਪੁੱਤਰਾਂ ਸ਼ਿਕਾਇਤ ਵੀ ਕੀਤੀ ਪਰ ਸ਼ੇਖ ਫਰੀਦ ਸਦਾ ਸ਼ਾਂਤੀ ਤੇ ਸਬਰ ਸੰਤੋਖ ਦੀ ਹੀ ਸਿਖਿਆ ਦਿੰਦੇ। ਇਕ ਦਿਨ ਤੰਗ ਆ ਕੇ ਇਕ ਸਪੁੱਤਰ ਨੇ ਕਿਹਾ, ਤੁਹਾਡੀ ਸਾਰੀ ਮਹਿਮਾ ਤੇ ਸ਼ੁਹਰਤ ਸਾਡੇ ਕਿਸ ਕੰਮ ਹੈ, ਜੇ ਸਾਥੋਂ ਇਹ ਮੁਨਸ਼ੀ ਵੀ ਠੀਕ ਨ ਹੋਇਆ। ਸ਼ੇਖ ਫ਼ਰੀਦ ਜੀ ਨੇ ਇਕ ਡੰਡਾ ਚੁਕਿਆ ਤੇ ਜ਼ਿਮੀਨ ਤੇ ਮਾਰਿਆ, ਉਧਰ ਉਸ ਮੁਨਸ਼ੀ ਦੀ ਪੇਟ ਸੂਲ ਨਾਲ ਇਕ ਦਮ ਮੌਤ ਹੋ ਗਈ।

ਲੋਕਾਂ ਆ ਕੇ ਦਸਿਆ ਤਾਂ ਸ਼ੇਖ ਫਰੀਦ ਕਹਿਣ ਲਗੇ 'ਇਹ ਗੁਲਾਮ ਚਾਲੀ ਸਾਲ ਉਹੋ ਕੁਝ ਕਰਦਾ ਰਿਹਾ ਹੈ ਜੋ ਖੁਦਾ ਚਾਹੁੰਦਾ ਸੀ ਲੇਕਿਨ ਹੁਣ ਖੁਦਾ ਉਹੋ ਕੁਝ ਕਰ ਦਿੰਦਾ ਹੈ, ਜੋ ਇਸ ਫਕੀਰ ਦੇ ਦਿਲ ਵਿਚ ਆਉਂਦਾ ਹੈ।'

੩੮ ਪੰਜ ਫਕੀਰ

ਇਕ ਵਾਰ ਪੰਜ ਮਨਚਲੇ ਫਕੀਰ ਸ਼ੇਖ ਫ਼ਰੀਦ ਦੇ

ਦਰਸ਼ਨਾਂ ਨੂੰ ਆਏ। ਉਹ ਕਾਫੀ ਚਿਰ ਗੱਲਾਂ ਬਾਤਾਂ ਕਰਦੇ ਰਹੇ ਤੇ ਜਦੋਂ ਉਹ ਜਾਣ ਲਗੇ ਤਾਂ ਆਪ ਨੇ ਖਾਸ ਹਦਾਇਤ ਕੀਤੀ ਕਿ ਉਹ ਰੇਗਸਤਾਨ ਵਾਲੇ ਸਿੱਧੇ ਰਾਹ ਨ ਜਾਣ, ਦੂਜੇ ਪਾਸੇ ਦੀ ਚਲੇ ਜਾਣ। ਲੇਕਿਨ ਉਨ੍ਹਾਂ ਕੋਈ ਗੱਲ ਨ ਗੌਲੀ ਤੇ ਸਿੱਧਾ ਰੇਗਸਤਾਨ ਵਲ ਹੀ ਮੂੰਹ ਕਰ ਲਿਆ। ਇਤਨੇ ਨੂੰ ਅਜੇਹੀ ਸਖਤ ਅੰਨ੍ਹੇਰੀ ਆਈ ਜੋ ਉਨ੍ਹਾਂ ਫਕੀਰਾਂ ਨੂੰ ਵਿਚੇ ਉਡਾ ਕੇ ਲੈ ਗਈ। ਜਦ ਫਰੀਦ ਜੀ ਨੂੰ ਇਸ ਘਟਨਾ ਦਾ ਪਤਾ ਲਗਾ ਤਾਂ ਉਹ ਭੁੱਬਾਂ ਮਾਰ ਮਾਰ ਕੇ ਰੋਣ ਲਗ ਪਏ। ਉਨ੍ਹਾਂ ਦਾ ਕੋਮਲ ਦਿਲ ਇਸ ਹਾਦਸੇ ਨੂੰ ਝੱਲਣੋਂ ਅਸਮਰੱਥ ਸੀ।

੩੯ ਇਸ਼ਕ ਜਾਂ ਬਾਜ਼ੀ

ਇਕ ਵਾਰ ਸ਼ੇਖ ਬਹਾਉਦੀਨ ਨੇ ਆਖਿਆ, 'ਫਰੀਦ ਸਾਹਿਬ ! ਤੁਹਾਡੇ ਤੇ ਮੇਰੇ ਦਰਮਿਆਨ 'ਇਸ਼ਕਬਾਜ਼ੀ' ਚਲ ਰਹੀ ਹੈ।' 'ਤੁਰਾ ਵ ਮਰਾ ਇਸ਼ਕਬਾਜ਼ੀ ਅਸਤ।'

ਸ਼ੇਖ ਫਰੀਦ ਨੇ ਦਰੁਸਤੀ ਕਰਦਿਆਂ ਫੁਰਮਾਇਆ, 'ਆਪਣਾ ਇਸ਼ਕ ਹੀ ਹੈ, ਬਾਜ਼ੀ (ਖੇਡ) ਨਹੀਂ।'
'ਹਮਾ ਵ ਸ਼ੁਮਾ ਇਸ਼ਕ ਅਸਤ ਬਾਜ਼ੀ ਨੇਸਤ।'

੪੦ ਡੰਗੋਰੀ

ਬੁਢਾਪੇ ਸਮੇਂ ਬਾਬਾ ਫਰੀਦ ਜਦੋਂ ਕੁਝ ਕਮਜ਼ੋਰ ਹੋ ਗਏ ਤਾਂ ਡੰਗੋਰੀ ਫੜ ਕੇ ਤੁਰਨ ਲਗ ਪਏ ਪਰ ਇਹ ਸੋਟੀ ਫੜਨਾ ਉਨ੍ਹਾਂ ਨੂੰ ਚੰਗਾ ਨਹੀਂ ਸੀ ਲਗਦਾ। ਇਕ ਦਿਨ ਅਜੇਹਾ ਰੋਹ ਆਇਆ ਕਿ ਉਨ੍ਹਾਂ ਡੰਗੋਰੀ ਦੂਰ ਵਗਾਹ ਕੇ ਮਾਰੀ ਤੇ ਆਖਣ ਲਗੇ :- 'ਮੈਂ ਅੱਛਾ ਨਹੀਂ ਕੀਤਾ ਕਿ ਇਕ ਅੱਲਾਹ ਤੋਂ ਬਗੈਰ ਕਿਸੇ ਹੋਰ ਤੇ ਭਰੋਸਾ ਕੀਤਾ ਤੇ ਫਕੀਰ ਨੂੰ ਤਾਂ ਇਹ ਬਿਲਕੁਲ ਹੀ ਨਹੀਂ ਕਰਨਾ ਚਾਹੀਦਾ।'

ਬਾਬਾ ਫਰੀਦ ਤੋਂ ਬਾਦ ਪਾਕਪਟਨ ਦੇ ਗੱਦੀਨਸ਼ੀਨ

1.	ਬਦਰੁੱਦੀਨ ਸੁਲੇਮਾਨ	1265 ਈ.
2.	ਅਲਾਉੱਦੀਨ ਮੌਜ ਦਰਿਆ	1269
3.	ਮੁਇਜ਼ੱਦੀਨ	1322
4.	ਮੁਹੰਮਦ ਫਜ਼ਲ	1337
5.	ਮੁਨੱਵਰਸ਼ਾਹ	1354
6.	ਨੂਰਉਦੀਨ	1402
7.	ਬਹਾਉੱਦੀਨ ਹਾਰੂਨ	1420
8.	ਮੁਹੰਮਦ ਯੂਨਸ	1451
9.	ਅਹਿਮਦ ਸ਼ਾਹ	1474
10.	ਅਤਾਉੱਲਾ	1495
11.	ਮੁਹੰਮਦ	1512
12.	ਇਬ੍ਰਾਹੀਮ	1533
13.	ਤਾਜੁੱਦੀਨ ਮਹਿਮੂਦ	1574
14.	ਫੈਜ਼ੁੱਲਾ	1599
15.	ਇਬ੍ਰਾਹੀਮ	1601
16.	ਮੁਹੰਮਦਦੀਨ	1647
17.	ਮੁਹੰਮਦ ਸੱਯਦ	1679
18.	ਮੁਹੰਮਦ ਯੂਸਫ	1708
19.	ਮੁਹੰਮਦ	1722
20.	ਮੁਹੰਮਦ ਗੁਲਾਮ ਰਸੂਲ	1755
21.	ਮੁਹੰਮਦ ਯਾਰ	1808

ਪ੍ਰਮੁਖ ਮਹਾਨ ਸੂਫੀ ਕਵੀ

ਫਾਰਸੀ -

ਉਮਰ ਖ਼ਯਾਮ	1050-1123 ਈ.
ਨਿਜ਼ਾਮੀ ਗੰਜਵੀ	1141-1203 ਈ.
ਫਰੀਦੁਦੀਨ ਅੱਤਾਰ	1119-1230 ਈ.
ਜਲਾਲੁੱਦੀਨ ਰੂਮੀ	1207-1273 ਈ.
ਸ਼ੇਖ ਸਾਅਦੀ	1184-1291 ਈ.
ਸ਼ਬਸਤਰੀ	1250-1320 ਈ.
ਅਮੀਰ ਖੁਸਰੋ	1253-1325 ਈ.
ਹਾਫਿਜ਼ ਸ਼ੀਰਾਜ਼ੀ	1325-1389 ਈ.
ਅਬਦੁਲ ਰਹਿਮਾਨ ਜਾਮੀ	1414-1492 ਈ.

ਪੰਜਾਬੀ -

ਸ਼ੇਖ ਫਰੀਦੁੱਦੀਨ ਸ਼ੱਕਰਗੰਜ	1175-1265
ਸ਼ੇਖ ਸ਼ਰਫੁਦੀਨ ਬੂਅਲੀ ਕਲੰਦਰ	1209-1325
ਸ਼ਾਹ ਹੁਸੈਨ ਢੱਡਾ	1538-1600
ਸੁਲਤਾਨ ਬਾਹੂ	1629-1691
ਸ਼ਾਹ ਸ਼ਰਫ ਬਟਾਲਵੀ	1640-1724
ਬੁਲ੍ਹੇ ਸ਼ਾਹ ਕਸੂਰੀ	1680-1758
ਅਲੀ ਹੈਦਰ	1690-1785
ਫਰਦ ਫਕੀਰ	1704-1800
ਹਾਸ਼ਮ ਸ਼ਾਹ	1735-1843
ਮੀਰਾਂ ਸ਼ਾਹ ਜਲੰਧਰੀ	1830-1901
ਗੁਲਾਮ ਫਰੀਦ ਚਾਚੜਾਂ	1845-1901

ਸ਼ੇਖ ਫਰੀਦ ਬਾਰੇ ਪੁਸਤਕਾਵਲੀ

ਫਾਰਸੀ- ਸੀਅਰੁਲ ਔਲੀਆ - ਸਯਦ ਮੁਹੰਮਦ ਬਿਨ ਮੁਬਾਰਕ ਕਿਰਮਾਨੀ

ਖ਼ੈਰੁਲ ਮੰਜਾਲਿਸ - ਮੌਲਾਨਾ ਹਮੀਦ ਕਲੰਦਰ

ਫ਼ਵਾਇਦੁਲ ਫਵਾਇਦ - ਅਮੀਰ ਹਸਨ ਦਿਹਲਵੀ

ਜਵਾਹਰਿ ਫਰੀਦੀ - ਮੁਹੰਮਦ ਅਲੀ ਅਸਗ਼ਰ

ਸੀਅਰੁਲ ਆਰਫੀਨ - ਮੌਲਾਨਾ ਫਜ਼ੱਲੁਲਾ ਜਮਾਲੀ

ਮਿਰਾਤੁਲ ਅਸਰਾਰ- ਮੌ. ਅਬਦੁਲ ਰਹਿਮਾਨ

ਖਜ਼ੀਨਾਤੁਲ ਅਸਫੀਆ - ਮੁਫਤੀ ਗੁਲਾਮ ਸਰਵਰ ਲਾਹੌਰੀ

ਤਹਿਕੀਕਾਤਿ ਚਿਸ਼ਤੀ - ਮੌ. ਨੂਰ ਅਹਿਮਦ

ਉਰਦੂ - ਤਜ਼ਕਰਾਤੁਲ ਮਸਾਇਖ਼ - ਮੌ. ਮੌਲਾ ਬਖਸ਼

ਤ੍ਵਾਰੀਖਿ ਮਸਾਇਖ਼ ਚਿਸ਼ਤ - ਪ੍ਰੋ: ਕੇ.ਏ. ਨਿਜ਼ਾਮੀ

ਤਜ਼ਕਰਾ ਸੂਫੀਹਾਇ ਪੰਜਾਬ- ਅੱਜਾਜ਼ ਹੁਸੈਨ ਕਦੂਸੀ

ਬਜ਼ਮਿ ਸੂਫੀਆ - ਸੱਯਦ ਸਬਾਹੁਦੀਨ ਅਬਦੁਲ ਰਹਿਮਾਨ

ਬਾਬਾ ਫਰੀਦ ਗੰਜਿ ਸ਼ੱਕਰ - ਬਸ਼ੀਰ ਹਸਨ ਚਿਸ਼ਤੀ

ਮੁਕੰਮਲ ਮਜਮੂਆ ਮਲਫੂਜ਼ਾਤਿ ਹਜ਼ਰਤਿ ਖ੍ਵਾਜਗਾਨਿ ਚਿਸ਼ਤ - ਲਾਹੌਰ

ਪੰਜਾਬੀ-ਮਸਲੇ ਸ਼ੇਖ ਫਰੀਦ ਕੇ-ਅਗਿਆਤ (ਸਤ੍ਹਾਰਵੀਂ ਸਦੀ)

ਬਾਗ਼ਿ ਔਲੀਆਇ ਹਿੰਦ - ਮੌਲਵੀ ਮੁਹੰਮਦ ਦੀਨ

ਪੰਜਾਬ ਦੇ ਹੀਰੇ - ਮੌਲਾ ਬਖਸ਼ ਕੁਸ਼ਤਾ

ਸੂਫੀਆਂ ਦਾ ਕਲਾਮ - ਡਾ: ਮੋਹਨ ਸਿੰਘ

ਸੂਫੀ ਕਾਵਿ ਧਾਰਾ - ਪ੍ਰੋ. ਪਿਆਰਾ ਸਿੰਘ ਪਦਮ

ਫਰੀਦ ਦਰਸ਼ਨ - ਪ੍ਰੋ. ਦੀਵਾਨ ਸਿੰਘ

ਸ੍ਰੇਸ਼ਟ ਗੋਸ਼ਟਾਂ - ਅਨੁ. ਪ੍ਰੋ. ਪ੍ਰੀਤਮ ਸਿੰਘ

ਅੰਗ੍ਰੇਜ਼ੀ - ਦੀ ਲਾਇਫ ਐਂਡ ਟਾਇਮਜ਼ ਆਫ ਸ਼ੇਖ ਫਰੀਦੁਦੀਨ ਗੰਜਿ ਸ਼ੱਕਰ - ਖਲੀਕ ਅਹਿਮਦ ਨਿਜ਼ਾਮੀ (1955)

ਪੰਜਾਬੀ ਸੂਫੀ ਪੁਇਟਸ-ਡਾ. ਲਾਜਵੰਤੀ (1938)

ਬਾਬਾ ਸ਼ੇਖ ਫਰੀਦ - ਲਾਇਫ ਐਂਡ ਟੀਚਿੰਗਜ਼(1973)
-ਸੰਪਾ: ਪ੍ਰਿੰ: ਗੁਰਬਚਨ ਸਿੰਘ ਤਾਲਿਬ
(ਪੰਜਾਬੀ ਯੂਨੀਵਰਸਿਟੀ ਪਟਿਆਲਾ।)

❖❖❖



'ਫਰੀਦਾ ਕਾਲੇ ਮੈਂਡੇ ਕਪੜੇ, ਕਾਲਾ ਮੈਂਡਾ ਵੇਸੁ,
ਗੁਨਹੀਂ ਭਰਿਆ ਮੈਂ ਫਿਰਾਂ, ਲੋਕ ਕਹੈਂ ਦਰਵੇਸ਼।'